SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ

# ਪੰਜਾਬੀ ਪੋਸਟ

Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | **Vol 23* Issue 32** | **Wednesday, February 14, 2024** | **Tel: 905-793-2202 | Fax: 905-793-2282 | news@punjabipost.ca** | ਤੁਸੀਂ 'ਪੰਜਾਬੀ ਪੋਸਟ' ***Online***ਰੋਜ਼ਾਨਾ ਪੜ੍ਹ ਸਕਦੇ ਹੋ

## ਇੰਟਰਨੈਸ਼ਨਲ ਵਿਦਿਆਰਥੀਆਂ ਦੇ ਕੰਮ ਦੀ ਹੱਦ ਵਿੱਚ ਕੀਤੇ ਵਾਧੇ ਨਾਲ ਪ੍ਰੋਗਰਾਮ ਕਮਜ਼ੋਰ ਪੈਣ ਦੀ ਸਰਕਾਰ ਨੂੰ ਦਿੱਤੀ ਗਈ ਸੀ ਚੇਤਾਵਨੀ

ਓਟਵਾ, 13 ਫਰਵਰੀ (ਪੋਸਟ ਬਿਊਰੋ) : 2022 ਵਿੱਚ ਪਬਲਿਕ ਸਰਵੈਂਟਸ ਨੇ ਫੈਡਰਲ ਸਰਕਾਰ ਨੂੰ ਇਹ ਚੇਤਾਵਨੀ ਦਿੱਤੀ ਸੀ ਕਿ ਇੰਟਰਨੈਸ਼ਨਲ ਵਿਦਿਆਰਥੀਆਂ ਨੂੰ 20 ਘੰਟੇ ਤੋਂ ਵੱਧ ਕੰਮ ਕਰਨ ਦੀ ਇਜਾਜ਼ਤ ਦੇਣ ਨਾਲ ਉਨ੍ਹਾਂ ਦਾ ਧਿਆਨ ਪੜ੍ਹਾਈ ਤੋਂ ਭਟਕੇਗਾ ਤੇ ਇਸ ਨਾਲ ਟੈਂਪਰੇਰੀ ਫੌਰਨ ਵਰਕਰ ਪ੍ਰੋਗਰਾਮ ਦਾ ਮੰਤਵ ਵੀ ਕਮਜ਼ੋਰ ਪੈ ਜਾਵੇਗਾ।

ਇਸ ਸਬੰਧ ਵਿੱਚ ਜਾਰੀ ਮੈਮੋਰੰਡਮ ਵਿੱਚ ਆਖਿਆ ਗਿਆ ਕਿ ਕੈਪ ਹਟਾਉਣ ਨਾਲ ਲੇਬਰ ਦੀ ਘਾਟ ਘੱਟ ਜਾਵੇਗੀ ਪਰ ਇਸ ਨਾਲ ਕਈ ਹੋਰ ਅਣਚਾਹੇ ਨਤੀਜੇ ਨਿਕਲ ਸਕਦੇ ਹਨ। ਇਸ ਮੀਮੋ ਵਿੱਚ ਆਖਿਆ ਗਿਆ ਕਿ ਇੰਟਰਨੈਸ਼ਨਲ ਸਟੂਡੈਂਟਸ ਦੇ ਕੰਮ ਵਾਲੇ ਘੰਟਿਆਂ ਵਿੱਚ ਕੀਤੇ ਜਾਣ ਵਾਲੇ ਆਰਜ਼ੀ ਵਾਧੇ ਨਾਲ ਜਿੱਥੇ ਵਿਦਿਆਰਥੀ ਕੈਂਪਸ ਤੋਂ ਬਾਹਰ ਕੰਮ ਕਰ ਸਕਣਗੇ ਤੇ ਇਸ ਨਾਲ ਲੇਬਰ ਦੀ ਘਾਟ ਖ਼ਤਮ ਹੋ ਸਕਦੀ ਹੈ ਪਰ ਇਸ ਨਾਲ ਇੰਟਰਨੈਸ਼ਨਲ ਵਿਦਿਆਰਥੀਆਂ ਦਾ ਪੜ੍ਹਾਈ ਦਾ ਟੀਚਾ ਅਧਵਾਟੇ ਰਹਿ ਜਾਵੇਗਾ ਤੇ ਉਨ੍ਹਾਂ ਦਾ ਬਹੁਤਾ ਧਿਆਨ ਕੰਮ ਵੱਲ ਹੋ ਜਾਵੇਗਾ। ਇਸ ਦੇ ਨਾਲ ਹੀ ਟੈਂਪਰੇਰੀ ਫੌਰਨ ਵਰਕਰ ਪ੍ਰੋਗਰਾਮਜ਼ ਵਿੱਚ ਵੀ ਖੜੋਤ ਆ ਜਾਵੇਗੀ।

ਪਿਛਲੇ ਕੁੱਝ ਮਹੀਨਿਆਂ ਤੋਂ ਕੈਨੇਡਾ ਦੇ ਇੰਟਰਨੈਸ਼ਨਲ ਸਟੂਡੈਂਟ ਪ੍ਰੋਗਰਾਮ ਦਾ ਬਰੀਕੀ ਨਾਲ ਮੁਲਾਂਕਣ ਕੀਤਾ ਜਾ ਰਿਹਾ ਸੀ। ਕੁੱਝ ਆਲੋਚਕਾਂ ਮੁਤਾਬਕ ਲਿਬਰਲਾਂ ਦੀਆਂ ਇਮੀਗ੍ਰੇਸ਼ਨ ਨੀਤੀਆਂ ਕਾਰਨ ਇੱਕ ਤਾਂ ਆਬਾਦੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ ਤੇ ਇਸ ਨਾਲ ਦੇਸ਼ ਦੀ ਹਾਊਸਿੰਗ ਦੀ ਸਮੱਸਿਆ ਵਿੱਚ ਵੀ ਵਾਧਾ ਦਰਜ ਕੀਤਾ ਗਿਆ ਹੈ। ਇਸ ਮੁਲਾਂਕਣ ਤੋਂ ਬਾਅਦ ਹੀ ਅਗਲੇ ਦੋ ਸਾਲਾਂ ਲਈ ਫੈਡਰਲ ਸਰਕਾਰ ਨੇ ਸਟੱਡੀ ਪਰਮਿਟਸ ਉੱਤੇ ਕੁੱਝ ਹੱਦ ਤੱਕ ਰੋਕ ਲਾਈ ਹੈ। ਸਰਕਾਰ ਇਸ ਪ੍ਰੋਗਰਾਮ ਨੂੰ ਸਹੀ ਢੰਗ ਨਾਲ ਚਲਾਉਣਾ ਚਾਹੁੰਦੀ ਹੈ।



ਫਰੇਜ਼ਰ ਨੇ ਅਕਤੂਬਰ 2022 ਵਿੱਚ ਐਲਾਨ ਕੀਤਾ ਕਿ ਫੈਡਰਲ ਸਰਕਾਰ 2023 ਦੇ ਅੰਤ ਤੱਕ ਇਨ੍ਹਾਂ ਪਾਬੰਦੀਆਂ ਨੂੰ ਨਹੀਂ ਸਵੀਕਾਰੇਗੀ ਤਾਂ ਕਿ ਲੇਬਰ ਦੀ ਘਾਟ ਨੂੰ ਖ਼ਤਮ ਕੀਤਾ ਜਾ ਸਵੇ। ਇਹ ਅਸਵੀਕ੍ਰਿਤੀ ਉਨ੍ਹਾਂ ਵਿਦਿਆਰਥੀਆਂ ਉੱਤੇ ਲਾਗੂ ਹੁੰਦੀ ਹੈ ਜਿਹੜੇ ਦੇਸ਼ ਵਿੱਚ ਮੌਜੂਦ ਹਨ ਜਾਂ ਜਿਨ੍ਹਾਂ ਨੇ ਪਹਿਲਾਂ ਹੀ ਅਪਲਾਈ ਕੀਤਾ ਹੋਇਆ ਹੈ। ਸਰਕਾਰ ਅਜਿਹਾ ਸਿਰਫ ਇਸ ਲਈ ਕਰਨਾ ਚਾਹੁੰਦੀ ਸੀ ਤਾਂ ਕਿ ਵਿਦੇਸ਼ੀ ਨਾਗਰਿਕ ਕੈਨੇਡਾ ਵਿੱਚ ਸਿਰਫ ਕੰਮ ਕਰਨ ਲਈ ਹੀ ਸਟੱਡੀ ਪਰਮਿਟ ਹਾਸਲ ਨਾ ਕਰੀ ਜਾਣ। ਦਸੰਬਰ ਵਿੱਚ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਇਸ ਨੀਤੀ ਵਿੱਚ 30 ਅਪਰੈਲ, 2024 ਤੱਕ ਵਾਧਾ ਕੀਤਾ ਤੇ ਫਿਰ ਉਸ ਤੋਂ ਬਾਅਦ ਹਫਤੇ ਦੇ 30 ਘੰਟੇ ਕੰਮ ਕਰਨ ਦੀ ਖੁੱਲ੍ਹ ਦੇਣ ਦਾ ਫੈਸਲਾ ਕੀਤਾ।

ਸੋਮਵਾਰ ਨੂੰ ਇੱਕ ਇੰਟਰਵਿਊ ਵਿੱਚ ਮਿਲਰ ਨੇ ਆਖਿਆ ਕਿ ਉਨ੍ਹਾਂ ਇਸ ਫੈਸਲੇ ਵਿੱਚ ਵਾਧਾ ਇਸ ਲਈ ਕੀਤਾ ਕਿਉਂਕਿ ਉਹ ਅਕਾਦਮਿਕ ਵਰ੍ਹੇ ਦੇ ਦਰਮਿਆਨ ਵਿਦਿਆਰਥੀਆਂ ਦੇ ਕੰਮ ਸਬੰਧੀ ਪ੍ਰਬੰਧਾਂ ਵਿੱਚ ਦਖ਼ਲ ਨਹੀਂ ਦੇਣਾ ਚਾਹੁੰਦੇ। ਮਿਲਰ ਨੇ ਆਖਿਆ ਕਿ ਇਸ ਸਮੇਂ 80 ਫੀ ਸਦੀ ਇੰਟਰਨੈਸ਼ਨਲ ਵਿਦਿਆਰਥੀ ਹਫਤੇ ਦੇ 20 ਘੰਟੇ ਤੋਂ ਵੱਧ ਕੰਮ ਕਰ ਰਹੇ ਹਨ।

## ਓਨਟਾਰੀਓ ਦੇ ਡਰਾਈਵਰਾਂ ਨੂੰ ਹੁਣ ਆਪ ਨਹੀਂ ਨੰਵਿਆਉਣੀਆਂ ਪੈਣਗੀਆਂ ਲਾਇਸੰਸ ਪਲੇਟਾਂ : ਫੋਰਡ

ਓਨਟਾਰੀਓ, 13 ਫਰਵਰੀ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਓਨਟਾਰੀਓ ਦੇ ਡਰਾਈਵਰਾਂ ਨੂੰ ਜਲਦ ਹੀ ਆਪਣੀਆਂ ਲਾਇਸੰਸ ਪਲੇਟਾਂ ਦੀ ਸਾਲਾਨਾ ਰਜਿਸਟ੍ਰੇਸ਼ਨ ਕਰਵਾਉਣ ਦੇ ਸਿਲਸਿਲੇ ਤੋਂ ਮੁਕਤੀ ਮਿਲ ਜਾਵੇਗੀ। ਉਨ੍ਹਾਂ ਆਖਿਆ ਕਿ ਪ੍ਰੋਵਿੰਸ ਇਸ ਪ੍ਰਕਿਰਿਆ ਨੂੰ ਆਟੋਮੈਟਿਕ ਬਣਾਉਣ ਵੱਲ ਕੰਮ ਕਰ ਰਹੀ ਹੈ।

ਫੋਰਡ ਨੇ ਇਹ ਐਲਾਨ ਮੰਗਲਵਾਰ ਸਵੇਰੇ ਟੋਰਾਂਟੋ ਵਿੱਚ ਇੱਕ ਨਿਊਜ਼ ਕਾਨਫਰੰਸ ਵਿੱਚ ਕੀਤਾ। ਓਨਟਾਰੀਓ ਦੀਆਂ ਸੜਕਾਂ ਉੱਤੇ ਐਕਸਪਾਇਰ ਹੋ ਚੁੱਕੀਆਂ ਲਾਇਸੰਸ ਪਲੇਟਾਂ ਵਿੱਚ ਹੋਏ ਵਾਧੇ ਸਬੰਧੀ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਫੋਰਡ ਨੇ ਆਖਿਆ ਕਿ ਅਸੀਂ ਪਹਿਲਾਂ ਸਟਿੱਕਰਾਂ ਤੋਂ ਖਹਿੜਾ ਛੁਡਾਇਆ ਤੇ ਹੁਣ ਅਸੀਂ ਰਜਿਸਟ੍ਰੇਸ਼ਨ ਤੋਂ ਵੀ ਖਹਿੜਾ ਛੁਡਾ ਲਵਾਂਗੇ। ਇਹ ਆਪਣੇ ਆਪ ਹੀ ਰਜਿਸਟਰਡ ਹੋ ਜਾਇਆ ਕਰਨਗੀਆਂ, ਇਸ ਲਈ ਲੋਕਾਂ ਨੂੰ ਇਸ ਬਾਰੇ ਚਿੰਤਾ ਕਰਨ ਦੀ ਲੋੜ ਨਹੀਂ ਹੈ।




ਟਰਾਂਸਪੋਰਟੇਸ਼ਨ ਮੰਤਰਾਲੇ (ਐਮਟੀਓ) ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਜਨਵਰੀ 2024 ਤੱਕ ਓਨਟਾਰੀਓ ਵਿੱਚ 1,015,139 ਪਲੇਟਾਂ ਐਕਸਪਾਇਰ ਹੋ ਚੁੱਕੀਆਂ ਸਨ। ਮੰਤਰਾਲੇ ਦੇ ਬੁਲਾਰੇ ਨੇ ਆਖਿਆ ਕਿ ਪਲੇਟਾਂ ਨੂੰ ਆਟੋਮੈਟਿਕ ਨੰਵਿਆਉਣ ਦੀ ਸਹੂਲਤ ਉਨ੍ਹਾਂ ਡਰਾਈਵਰਾਂ ਨੂੰ ਮਿਲੇਗੀ ਜਿਨ੍ਹਾਂ ਦਾ ਰਿਕਾਰਡ ਚੰਗਾ ਹੋਵੇਗਾ। ਇਸ ਤੋਂ ਭਾਵ ਇਹ ਹੈ ਕਿ ਜਿਨ੍ਹਾਂ ਡਰਾਈਵਰਾਂ ਨੂੰ ਪਾਰਕਿੰਗ ਟਿਕਟਾਂ ਜਾਂ ਟੋਲ ਬਿੱਲ ਆਦਿ ਮਿਲੇ ਹੋਣਗੇ ਉਨ੍ਹਾਂ ਨੂੰ ਇਹ ਕੰਮ ਆਪ ਹੀ ਕਰਵਾਉਣਾ ਹੋਵੇਗਾ।

## ਡੇਅਕੇਅਰ ਵਿੱਚ 2 ਬੱਚਿਆਂ ਦੇ ਜ਼ਖ਼ਮੀ ਹੋਣ ਤੋਂ ਬਾਅਦ ਇੱਕ ਮਹਿਲਾ ਨੂੰ ਕੀਤਾ ਗਿਆ ਚਾਰਜ

ਬਰੈਂਪਟਨ, 13 ਫਰਵਰੀ (ਪੋਸਟ ਬਿਊਰੋ) : ਬਰੈਂਪਟਨ ਦੇ ਇੱਕ ਹੋਮ ਡੇਅਕੇਅਰ ਵਿੱਚ ਕਥਿਤ ਤੌਰ ਉੱਤੇ ਦੋ ਬੱਚਿਆਂ ਦੇ ਜ਼ਖ਼ਮੀ ਹੋਣ ਤੋਂ ਬਾਅਦ ਇੱਕ 44 ਸਾਲਾ ਮਹਿਲਾ ਨੂੰ ਚਾਰਜ ਕੀਤਾ ਗਿਆ ਹੈ।

20 ਸਤੰਬਰ, 2023 ਨੂੰ ਡੇਅਕ-ੇਅਰ ਵਿੱਚ ਦੋ ਸਾਲਾ ਲੜਕੇ ਦੇ ਗੰਭੀਰ ਜ਼ਖ਼ਮੀ ਹੋਣ ਤੋਂ ਬਾਅਦ ਪੀਲ ਪੁਲਿਸ ਨੂੰ ਇਸ ਸਬੰਧੀ ਜਾਣਕਾਰੀ ਦਿੱਤੀ ਗਈ। ਜਦੋਂ ਪੁਲਿਸ ਇਸ ਮਾਮਲੇ ਦੀ ਜਾਂਚ ਕਰ ਰਹੀ ਸੀ ਤਾਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਮਾਰਚ 2020 ਵਿੱਚ ਇੱਕ ਤਿੰਨ ਸਾਲਾ ਬੱਚੀ ਵੀ ਜ਼ਖ਼ਮੀ ਹੋਈ ਸੀ। ਇੱਕ ਰਲੀਜ਼ ਵਿੱਚ ਪੁਲਿਸ ਨੇ ਆਖਿਆ ਕਿ ਸਪੈਸ਼ਲ ਵਿਕਟਿਮਜ਼ ਯੁਨਿਟ ਤੋਂ ਜਾਂਚਕਾਰਾਂ ਵੱਲੋਂ ਬਰੈਂਪਟਨ ਦੇ ਇਸ ਹੋਮ ਡੇਅਕੇਅਰ ਨਾਲ ਜੁੜੀਆਂ ਦੋ ਘਟਨਾਵਾਂ ਨਾਲ ਸਬੰਧਤ ਕੇਅਰਗਿਵਰ ਨੂੰ ਚਾਰਜ ਕੀਤਾ ਗਿਆ।



**ਮਾਰਚ 2020 ਵਿੱਚ ਇੱਕ ਤਿੰਨ ਸਾਲਾ ਬੱਚੀ ਵੀ ਹੋਈ ਸੀ ਜ਼ਖ਼ਮੀ**

16 ਜਨਵਰੀ, 2024 ਨੂੰ ਪੁਲਿਸ ਨੇ ਇਨ੍ਹਾਂ ਘਟਨਾਵਾਂ ਦੇ ਸਬੰਧ ਵਿੱਚ ਬਰੈਂਪਟਨ ਦੀ ਚੀਰਨ ਜੇਡਾਨ ਨੂੰ ਗ੍ਰਿਫਤਾਰ ਕੀਤਾ। ਉਸ ਨੂੰ ਦੋ ਮਾਮਲਿਆਂ ਵਿੱਚ ਮੁਜਰਮਾਨਾਂ ਅਣਗਹਿਲੀ ਵਰਤਣ, ਜਿਸ ਕਾਰਨ ਸ਼ਰੀਰਕ ਨੁਕਸਾਨ ਹੋਇਆ, ਲਈ ਚਾਰਜ ਕੀਤਾ ਗਿਆ। ਪੁਲਿਸ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਛੁਰੇਬਾਜ਼ੀ ਵਿੱਚ ਇੱਕ ਜ਼ਖ਼ਮੀ, ਇੱਕ ਹਿਰਾਸਤ ਵਿੱਚ




ਇਟੋਬੀਕੋ, 13 ਫਰਵਰੀ (ਪੋਸਟ ਬਿਊਰੋ) : ਸੋਮਵਾਰ ਰਾਤ ਨੂੰ ਇਟੋਬੀਕੋ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਜਾਣ ਕਾਰਨ ਇੱਕ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ।

ਪੁਲਿਸ ਅਧਿਕਾਰੀਆਂ ਨੂੰ ਰਾਤੀਂ 7:36 ਦੇ ਨੇੜੇ ਤੇੜੇ ਡੰਡਾਸ ਸਟਰੀਟ ਵੈਸਟ ਤੇ ਮੈਬੇਲ ਐਵਨਿਊ ਇਲਾਕੇ ਵਿੱਚ ਸੱਦਿਆ ਗਿਆ। ਇੱਕ ਮਸ਼ਕੂਕ ਨੂੰ ਵੀ ਮੌਕੇ ਤੋਂ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਉਸ ਕੋਲੋਂ ਚਾਕੂ ਵੀ ਬਰਾਮਦ ਕੀਤਾ ਗਿਆ ਹੈ।

ਇਸ ਮਾਮਲੇ ਵਿੱਚ ਹੋਰ ਕੋਈ ਜਾਣਕਾਰੀ ਅਜੇ ਹਾਸਲ ਨਹੀਂ ਹੋਈ ਹੈ।

MagGas Medical Brampton
MGM
MAGGAS MEDICAL INC.
(647) 954-9885
20 Maritime Ont Blvd Unit 15
Brampton, ON L6S 0C2

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

## ਕਈ ਦਿਨਾਂ ਤੋਂ ਲਾਪਤਾ ਸਿਆਸਤਦਾਨ ਦੀ ਮਿਲੀ ਲਾਸ਼

ਸਡਬਰੀ, 13 ਫਰਵਰੀ (ਪੋਸਟ ਬਿਊਰੋ) : ਗ੍ਰੇਟਰ ਸਡਬਰੀ ਪੁਲਿਸ ਨੂੰ ਕਈ ਦਿਨਾਂ ਤੋਂ ਲਾਪਤਾ ਵਾਰਡ 2 ਦੇ ਕਾਊਂਸਲਰ ਮਾਈਕਲ ਵਾਗਨੀਨੀ ਦੀ ਲਾਸ਼ ਮੰਗਲਵਾਰ ਨੂੰ ਮਿਲੀ।

62 ਸਾਲਾਂ ਦੇ ਵਾਗਨੀਨੀ ਨੇ 27 ਜਨਵਰੀ ਨੂੰ ਆਪਣੇ ਡੌਜ ਰੈਮ 1500 ਟਰੱਕ ਵਿੱਚ ਘਰ ਛੱਡਿਆ ਸੀ ਤੇ ਉਸ ਤੋਂ ਬਾਅਦ ਉਨ੍ਹਾਂ ਨੂੰ ਨਹੀਂ ਵੇਖਿਆ ਗਿਆ।



ਉਨ੍ਹਾਂ ਦੇ ਪਰਿਵਾਰ ਨੇ ਦੱਸਿਆ ਕਿ ਉਹ ਆਪਣੇ ਨਾਲ ਆਪਣਾ ਸੈੱਲ ਫੋਨ ਤੇ ਦਵਾਈਆਂ ਵੀ ਨਹੀਂ ਸਨ ਲੈ ਕੇ ਗਏ। ਪੁਲਿਸ ਤੇ ਵਾਲੰਟੀਅਰਜ਼ ਵੱਲੋਂ ਕੀਤੀ ਗਈ ਲੰਮੀਂ ਭਾਲ ਤੋਂ ਬਾਅਦ ਉਨ੍ਹਾਂ ਦਾ ਟਰੱਕ ਮੰਗਲਵਾਰ ਨੂੰ ਦੁਪਹਿਰੇ 2:30 ਵਜੇ ਅਤਿਕਿਆਮੇਕਸੇਂਗ ਅਨਿਸਨਾਅਬੇਕ ਫਰਸਟ ਨੇਸ਼ਨ ਦੀ ਰਿਜ਼ਰਵ ਕੈਂਪ ਰੋਡ ਇਲਾਕੇ ਤੋਂ ਮਿਲਿਆ।

ਇੱਕ ਨਿਊਜ਼ ਰਲੀਜ਼ ਵਿੱਚ ਸਡਬਰੀ ਪੁਲਿਸ ਨੇ ਦੱਸਿਆ ਕਿ ਵਾਗਨੀਨੀ ਆਪਣੀ ਗੱਡੀ ਤੋਂ ਥੋੜ੍ਹੀ ਹੀ ਦੂਰੀ ਉੱਤੇ ਮ੍ਰਿਤਕ ਪਏ ਮਿਲੇ। ਡਿਟੈਕਟਿਵਜ਼ ਜਾਂਚ ਦੇ ਅਜੇ ਮੁੱਢਲੇ ਪੜਾਅ ਵਿੱਚ ਹਨ ਤੇ ਕਿਸੇ ਤਰ੍ਹਾਂ ਦੀ ਗੜਬੜ ਦੀ ਕੋਈ ਸੰਭਾਵਨਾ ਨਹੀਂ ਪ੍ਰਗਟਾਈ ਗਈ। ਮੌਤ ਦੇ ਕਾਰਨਾਂ ਦਾ ਪਤਾ ਲਾਉਣ ਲਈ ਪੋਸਟ ਮਾਰਟਮ ਕੀਤਾ ਜਾਵੇਗਾ।

SUPER VISA INSURANCE EXPERTS
Punjab Insurance Inc
RANJIT GILL Insurance Advisor
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

## ਕਿਸਾਨਾਂ ਦੇ ਦਿੱਲੀ ਕੂਚ ਸਮੇਂ ਸ਼ੰਭੂ-ਜੀਂਦ ਸਰਹੱਦ 'ਤੇ ਪੁਲਸ ਨਾਲ ਝੜਪ, ਚੱਲੇ ਹੰਝੂ ਗੈਸ ਦੇ ਗੋਲੇ

ਜੀਂਦ, 13 ਫਰਵਰੀ (ਪੋਸਟ ਬਿਊਰੋ): ਘੱਟੋ-ਘੱਟ ਸਮਰਥਨ ਮੁੱਲ ਗਾਰੰਟੀ ਕਾਨੂੰਨ ਅਤੇ ਕਰਜ਼ਾ ਮੁਆਫੀ ਸਮੇਤ 12 ਮੰਗਾਂ ਨੂੰ ਲੈ ਕੇ ਅੰਦੋਲਨ ਕਰ ਰਹੇ ਪੰਜਾਬ ਦੇ ਕਿਸਾਨਾਂ ਨੇ ਸਰਕਾਰ ਨਾਲ ਗੱਲਬਾਤ ਅਸਫਲ ਹੋਣ ਤੋਂ ਬਾਅਦ ਮੰਗਲਵਾਰ ਸਵੇਰੇ ਦਿੱਲੀ ਵੱਲ ਮਾਰਚ ਕੀਤਾ। ਪੰਜਾਬ ਦੇ ਵੱਖ-ਵੱਖ ਇਲਾਕਿਆਂ ਤੋਂ ਟਰੈਕਟਰ ਟਰਾਲੀਆਂ 'ਤੇ ਟੈਂਟ ਅਤੇ ਰਾਸ਼ਨ ਲੈ ਕੇ ਆ ਰਹੇ ਕਿਸਾਨਾਂ ਨੂੰ ਹਰਿਆਣਾ ਦੀ ਸਰਹੱਦ 'ਤੇ ਰੋਕ ਦਿੱਤਾ ਗਿਆ ਹੈ। ਪਟਿਆਲਾ ਦੇ ਸ਼ੰਭੂ ਅਤੇ ਜੀਂਦ ਦੇ ਦਾਤਾਸਿੰਘਵਾਲਾ ਦੀ ਸੀਲ ਕੀਤੀ ਸਰਹੱਦ 'ਤੇ ਪ੍ਰਦਰਸ਼ਨਕਾਰੀਆਂ ਅਤੇ ਸੁਰੱਖਿਆ ਬਲਾਂ ਵਿਚਾਲੇ ਕਈ ਝੜਪਾਂ ਹੋਈਆਂ। ਪੁਲਿਸ ਨੇ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲੇ, ਪਾਣੀ ਦੀਆਂ ਤੋਪਾਂ ਅਤੇ ਰਬੜ ਦੀਆਂ ਗੋਲੀਆਂ ਦੀ ਵਰਤੋਂ ਕੀਤੀ। ਜੀਂਦ 'ਚ ਕਿਸਾਨਾਂ 'ਤੇ ਲਾਠੀਚਾਰਜ ਵੀ ਕੀਤਾ ਗਿਆ। ਦੋਵਾਂ ਸਰਹੱਦਾਂ 'ਤੇ ਹੋਈਆਂ ਝੜਪਾਂ 'ਚ ਅੰਬਾਲਾ ਦੇ ਨਰਾਇਣਗੜ੍ਹ ਦੇ ਡੀਐੱਸਪੀ ਸਮੇਤ 100 ਕਿਸਾਨ ਅਤੇ 19 ਜਵਾਨ ਜ਼ਖਮੀ ਹੋ ਗਏ ਹਨ।



ਇਸ ਦੇ ਨਾਲ ਹੀ ਪੰਜਾਬ ਨਾਲ ਲੱਗਦੇ ਹਰਿਆਣਾ ਦੀਆਂ ਸਾਰੀਆਂ 14 ਸਰਹੱਦਾਂ 'ਤੇ ਹਜ਼ਾਰਾਂ ਕਿਸਾਨ ਇਕੱਠੇ ਹੋ ਗਏ ਹਨ। ਇਨ੍ਹਾਂ ਨੂੰ ਰੋਕਣ ਲਈ ਹਰਿਆਣਾ ਵਿਚ ਅਰਧ ਸੈਨਿਕ ਬਲਾਂ ਦੀਆਂ 64 ਕੰਪਨੀਆਂ ਅਤੇ ਪੁਲਸ ਦੀਆਂ 50 ਕੰਪਨੀਆਂ ਤਾਇਨਾਤ ਕੀਤੀਆਂ ਗਈਆਂ ਹਨ। ਹੁਣ ਤੱਕ ਪੰਜਾਬ ਦੇ ਕਿਸਾਨ ਹਰਿਆਣਾ ਦੀ ਕਿਸੇ ਵੀ ਸਰਹੱਦ ਤੋਂ ਅੱਗੇ ਨਹੀਂ ਵਧ ਸਕੇ ਹਨ। ਰਾਤ 8 ਵਜੇ ਕਿਸਾਨਾਂ ਨੇ ਐਲਾਨ ਕੀਤਾ ਕਿ ਹੁਣ ਉਹ ਬੁੱਧਵਾਰ ਨੂੰ ਦਿੱਲੀ ਵੱਲ ਮਾਰਚ ਕਰਨਗੇ। ਕਿਸਾਨਾਂ ਨੇ ਰਾਤ ਨੂੰ ਉਥੇ ਡੇਰੇ ਲਾਏ।

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਅੱਜ ਨਾਮਾ

ਸ਼ੰਭੂ ਬਾਰਡਰ'ਤੇ ਫੇਰ ਟਕਰਾਉ ਹੋਇਆ,
ਭਿੜੇ ਫਿਰ ਪੁਲਸ ਦੇ ਨਾਲ ਕਿਸਾਨ ਬੇਲੀ।
ਅੱਥਰੂ ਗੈਸ ਦੇ ਗੋਲੇ ਰਹੀ ਪੁਲਸ ਛੱਡਦੀ,
ਭਰਿਆ ਧੂੰਏਂ ਨਾਲ ਕੁੱਲ ਅਸਮਾਨ ਬੇਲੀ।
ਤਰੀਕੇ ਵਰਤ ਲਏ ਸਾਰੇ ਸਨ ਫੋਰਸਾਂ ਨੇ,
ਨਿਕਲੇ ਕਿਸਾਨ ਆ ਬੜੇ ਬਲਵਾਨ ਬੇਲੀ।
ਪਹਿਲਾ ਦਿਨ ਤੇ ਲੰਘਿਆ ਭਿੜਦਿਆਂ ਦਾ,
ਅੱਗੇ ਦਾ ਪਤਾ ਨਹੀਂ ਕੀ ਇਮਕਾਨ ਬੇਲੀ।
ਮੰਗਦਾ ਸੁੱਖ ਇਸ ਮੁਲਕ ਦਾ ਆਮ ਬੰਦਾ,
ਜਾਵਣ ਵਿਗੜ ਨਹੀਂ ਕਿਤੇ ਹਾਲਾਤ ਬੇਲੀ।
ਵੱਡੀ ਚੋਣ ਜਦ ਮੁਲਕ ਵਿੱਚ ਖੜੀ ਮੂਹਰੇ,
ਹੋਣੀ ਸੰਭਾਲ ਨਹੀਂ ਵਿਗੜਦੀ ਬਾਤ ਬੇਲੀ।

**ਤੀਸ ਮਾਰ ਖਾਂ**

# ਪਾਕਿਸਤਾਨ 'ਚ ਚੋਣ ਪ੍ਰਕਿਰਿਆ ਦੀ ਪਾਰਦਰਸ਼ਤਾ ਜਰੂਰੀ : ਪੀਅਰੇ

ਵਾਸ਼ਿੰਗਟਨ, ਅਮਰੀਕੀ ਰਾਸ਼ਟਰਪਤੀ ਦੀ ਸਰਕਾਰੀ ਰਿਹਾਇਸ਼ ਅਤੇ ਦਫ਼ਤਰ ਵ੍ਹਾਈਟ ਹਾਊਸ ਨੇ ਪਾਕਿਸਤਾਨ ਵਿੱਚ ਪਾਰਦਰਸ਼ੀ ਚੋਣ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਦਾ ਸੱਦਾ ਦਿੱਤਾ ਹੈ।ਉਨ੍ਹਾਂ ਕਿਹਾ ਕਿ ਪਾਕਿਸਤਾਨੀ ਲੋਕਾਂ ਦੀ ਇੱਛਾ ਦਾ ਸਨਮਾਨ ਕਰਨ ਦੀ ਲੋੜ ਹੈ।

ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੀਨ ਜੀਨ-ਪੀਅਰੇ ਨੇ ਮੰਗਲਵਾਰ ਨੂੰ ਆਪਣੀ ਨਿਯਮਤ ਪ੍ਰੈੱਸ ਕਾਨਫਰੰਸ 'ਚ ਕਿਹਾ ਕਿ ਰਾਸ਼ਟਰਪਤੀ ਜੋ ਬਾਈਡਨ ਪਾਕਿਸਤਾਨ 'ਚ ਚੋਣਾਂ ਨਾਲ ਜੁੜੀਆਂ ਘਟਨਾਵਾਂ ਤੋਂ ਜਾਣੂ ਹਨ। ਉਨ੍ਹਾਂ ਅੱਗੇ ਕਿਹਾ, 'ਰਾਸ਼ਟਰਪਤੀ ਇਸ ਗੱਲ ਤੋਂ ਜਾਣੂ ਹਨ। "ਪਿਛਲੇ ਹਫ਼ਤੇ, ਲੱਖਾਂ ਪਾਕਿਸਤਾਨੀਆਂ ਨੇ ਵੋਟਾਂ ਪਾਈਆਂ, ਜਿਨ੍ਹਾਂ ਵਿੱਚ ਰਿਕਾਰਡ ਗਿਣਤੀ ਵਿੱਚ ਔਰਤਾਂ, ਧਾਰਮਿਕ ਅਤੇ ਨਸਲੀ ਘੱਟ



ਗਿਣਤੀ ਸਮੂਹਾਂ ਦੇ ਮੈਂਬਰ ਅਤੇ ਨੌਜਵਾਨ ਵੋਟਰ ਸ਼ਾਮਲ ਸਨ।"

ਪਿਅਰੇ ਨੇ ਅੱਗੇ ਕਿਹਾ, 'ਸਾਨੂੰ ਸਮਾਨ ਵਿਚਾਰਧਾਰਾ ਵਾਲੇ ਲੋਕਤੰਤਰਾਂ ਨਾਲ ਖੜ੍ਹੇ ਹੋਣ 'ਤੇ ਮਾਣ ਹੈ। ਅਸੀਂ ਪਾਕਿਸਤਾਨੀ ਸਰਕਾਰ ਅਤੇ ਪਾਕਿਸਤਾਨੀ ਰਾਜਨੀਤਿਕ ਹਸਤੀਆਂ ਨੂੰ ਜਨਤਕ ਅਤੇ ਨਿੱਜੀ ਤੌਰ 'ਤੇ ਲਗਾਤਾਰ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਪਾਕਿਸਤਾਨੀ ਲੋਕਾਂ ਦੀ ਇੱਛਾ ਦਾ ਸਨਮਾਨ ਕਰਨਾ ਅਤੇ ਪਾਰਦਰਸ਼ੀ ਚੋਣ ਪ੍ਰਕਿਰਿਆ ਨੂੰ ਯਕੀਨੀ ਬਣਾਉਣਾ ਮਹੱਤਵਪੂਰਨ ਹੈ।

ਅਮਰੀਕੀ ਸੰਸਦ ਮੈਂਬਰ ਕ੍ਰਿਸ ਮਰਫੀ ਨੇ ਕਿਹਾ ਕਿ ਪਾਕਿਸਤਾਨ ਦੇ ਲੋਕਾਂ ਨੇ ਪਿਛਲੇ ਹਫਤੇ ਹੀ ਆਪਣੀ ਇੱਛਾ ਜ਼ਾਹਰ ਕੀਤੀ ਹੈ। "ਮੈਂ ਬੇਨਿਯਮੀਆਂ ਅਤੇ ਕਥਿਤ ਦਖਲਅੰਦਾਜ਼ੀ ਦੀਆਂ ਰਿਪੋਰਟਾਂ ਤੋਂ ਚਿੰਤਤ ਹਾਂ, ਜਿਸ ਵਿੱਚ ਸੁਤੰਤਰ ਪ੍ਰੈੱਸ 'ਤੇ ਹਮਲੇ ਅਤੇ ਇੰਟਰਨੈਟ ਸੇਵਾਵਾਂ 'ਤੇ ਪਾਬੰਦੀਆਂ ਸ਼ਾਮਲ ਹਨ। ਅਮਰੀਕੀ ਰੱਖਿਆ ਮੰਤਰਾਲੇ ਦੇ ਹੈੱਡਕੁਆਰਟਰ ਪੈਂਟਾਗਨ ਦੀ ਡਿਪਟੀ ਪ੍ਰੈੱਸ ਸਕੱਤਰ ਸਬਰੀਨਾ ਸਿੰਘ ਨੇ ਕਿਹਾ ਕਿ ਰੱਖਿਆ ਮੰਤਰਾਲਾ ਪਾਕਿਸਤਾਨ ਦੇ ਹਾਲਾਤ 'ਤੇ ਨਜ਼ਰ ਰੱਖ ਰਿਹਾ ਹੈ।

# ਕੈਗ ਦੀ ਰਿਪੋਰਟ ਦਾ ਖੁਲਾਸਾ, ਕਰਨਾਟਕ ਸਰਕਾਰ ਨੇ ਨਹੀਂ ਵਸੂਲੇ 10 ਹਜਾਰ ਕਰੋੜ ਰੁਪਏ ਤੋਂ ਵੱਧ ਦੇ ਪੁਰਾਣੇ ਕਰਜ਼ੇ

ਨਵੀਂ ਦਿੱਲੀ, 13 ਫਰਵਰੀ (ਪੋਸਟ ਬਿਊਰੋ): ਇਕ ਪਾਸੇ ਕਰਨਾਟਕ ਸਰਕਾਰ ਸੂਬੇ ਨੂੰ ਫੰਡ ਅਲਾਟ ਕਰਨ 'ਚ ਕਥਿਤ ਲਾਪਰਵਾਹੀ ਨੂੰ ਲੈ ਕੇ ਕੇਂਦਰ ਖਿਲਾਫ ਪ੍ਰਦਰਸ਼ਨ ਕਰ ਰਹੀ ਹੈ। ਦੂਜੇ ਪਾਸੇ ਪੁਰਾਣੇ ਕਰਜ਼ੇ ਦੀ ਵਸੂਲੀ ਨਹੀਂ ਹੋ ਰਹੀ। ਕੰਪਟਰੋਲਰ ਅਤੇ ਆਡੀਟਰ ਜਨਰਲ (ਕੈਗ) ਨੇ ਕਿਹਾ ਕਿ ਸੂਬਾ ਸਰਕਾਰ ਨੇ ਵੱਖ-ਵੱਖ ਅਦਾਰਿਆਂ ਨੂੰ ਦਿੱਤੇ 10,000 ਕਰੋੜ ਰੁਪਏ ਤੋਂ ਵੱਧ ਦੇ ਪੁਰਾਣੇ ਕਰਜ਼ੇ ਦੀ ਵਸੂਲੀ ਨਹੀਂ ਕੀਤੀ ਹੈ।

ਕੈਗ ਨੇ ਕਰਨਾਟਕ ਵਿਧਾਨ ਸਭਾ ਵਿੱਚ ਵਿੱਤ ਖਾਤਿਆਂ 2022-23 'ਤੇ ਇੱਕ ਰਿਪੋਰਟ ਪੇਸ਼ ਕੀਤੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੁਝ ਪੁਰਾਣੇ ਕਰਜ਼ੇ 1977 ਤੋਂ ਬਕਾਇਆ ਹਨ। ਇਨ੍ਹਾਂ ਵਿੱਚੋਂ ਬਹੁਤ ਸਾਰੇ ਕਰਜ਼ੇ ਰਾਜ




ਸਰਕਾਰ ਦੇ ਵਿਭਾਗਾਂ ਅਤੇ ਅਦਾਰਿਆਂ ਨਾਲ ਸਬੰਧਤ ਹਨ।

ਇਸ ਰਿਪੋਰਟ ਅਨੁਸਾਰ 21 ਕਰਜ਼ਦਾਰ ਸੰਸਥਾਵਾਂ ਵੱਲ 15,856 ਕਰੋੜ ਰੁਪਏ ਦਾ ਬਕਾਇਆ ਹੈ, ਜਿਸ ਵਿਚ 9,380 ਕਰੋੜ ਰੁਪਏ ਦੀ ਮੂਲ ਰਾਸ਼ੀ ਵੀ ਸ਼ਾਮਲ ਹੈ। ਸਭ ਤੋਂ ਪੁਰਾਣਾ ਬਕਾਇਆ ਕਰਜ਼ਾ 1977 ਦਾ ਹੈ, ਜੋ ਬੰਗਲੌਰ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਅਤੇ ਕਰਨਾਟਕ ਸਟੇਟ ਸੀਡ ਕਾਰਪੋਰੇਸ਼ਨ ਲਿਮਿਟੇਡ ਨੂੰ ਦਿੱਤਾ ਗਿਆ ਸੀ।

# ਐਸ.ਐਸ.ਐਸ. ਬੋਰਡ ਦੇ ਮੈਂਬਰਾਂ ਨੇ ਤਿੰਨ ਕੈਬਨਿਟ ਮੰਤਰੀਆਂ ਦੀ ਮੌਜੂਦਗੀ ਵਿੱਚ ਅਹੁਦਾ ਸੰਭਾਲਿਆ





ਚੰਡੀਗੜ੍ਹ, 13 ਫਰਵਰੀ: ਪੰਜਾਬ ਰਾਜ ਅਧੀਨ ਸੇਵਾਵਾਂ ਚੋਣ ਬੋਰਡ ਦੇ ਨਵ-ਨਿਯੁਕਤ ਮੈਂਬਰਾਂ ਨੇ ਅੱਜ ਮੁਹਾਲੀ ਵਿਖੇ ਵਿੱਤ, ਯੋਜਨਾਬੰਦੀ, ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ, ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦੀ ਹਾਜ਼ਰੀ ਵਿੱਚ ਆਪਣੇ ਅਹੁਦੇ ਸੰਭਾਲੇ।

ਨਵ-ਨਿਯੁਕਤ ਮੈਂਬਰਾਂ ਅਨਿਲ ਮਹਾਜਨ, ਨਰੇਸ਼ ਪਾਠਕ ਅਤੇ ਗੁੰਜਨ ਚੱਢਾ ਨੂੰ ਵਧਾਈ ਦਿੰਦਿਆਂ ਮੰਤਰੀਆਂ ਨੇ ਆਸ ਪ੍ਰਗਟਾਈ ਕਿ ਉਹ ਸੂਬੇ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਭਰਪੂਰ ਮੌਕੇ ਪ੍ਰਦਾਨ ਕਰਨ ਸਬੰਧੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਸਖ਼ਤ ਮਿਹਨਤ ਕਰਨਗੇ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਨਵ-ਨਿਯੁਕਤ ਮੈਂਬਰਾਂ ਨੇ ਕਿਹਾ ਕਿ ਉਹ ਆਪਣੀ ਡਿਊਟੀ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਮੁੱਖ ਮੰਤਰੀ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਹਰ ਸੰਭਵ ਯਤਨ ਕਰਨਗੇ ਤਾਂ ਜੋ ਉਹ ਰੰਗਲਾ ਪੰਜਾਬ ਮਿਸ਼ਨ 'ਚ ਆਪਣਾ ਭਰਪੂਰ ਯੋਗਦਾਨ ਪਾ ਸਕਣ।

# ਇਮਰਾਨ ਦੀ ਪੀਟੀਆਈ ਨੇ ਵੀ ਪਾਕਿਸਤਾਨ ਵਿੱਚ ਸੱਤਾ ਦਾ ਦਾਅਵਾ ਕੀਤਾ ਪੇਸ਼, ਪਾਰਟੀ ਨੇਤਾਵਾਂ ਨੇ ਰਾਸ਼ਟਰਪਤੀ ਨਾਲ ਕੀਤੀ ਮੁਲਾਕਾਤ

ਇਸਲਾਮਾਬਾਦ, ਪਾਕਿਸਤਾਨ ਵਿੱਚ ਨਵਾਜ਼ ਸ਼ਰੀਫ਼ ਦੀ ਪੀਐਮਐਲ-ਐਨ ਅਤੇ ਬਿਲਾਵਲ ਭੁੱਟੋ ਜ਼ਰਦਾਰੀ ਦੀ ਪੀਪੀਪੀ ਵਿਚਾਲੇ ਗਠਜੋੜ ਸਰਕਾਰ ਬਣਾਉਣ ਲਈ ਗੱਲਬਾਤ ਚੱਲ ਰਹੀ ਹੈ। ਹੁਣ ਜੇਲ੍ਹ ਵਿੱਚ ਬੰਦ ਇਮਰਾਨ ਖਾਨ ਦੀ ਪਾਰਟੀ ਪੀਟੀਆਈ ਨੇ ਵੀ ਸਰਕਾਰ ਬਣਾਉਣ ਦੀਆਂ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਹਨ। ਪਾਰਟੀ ਨੇ ਕਈ ਵਿਸ਼ੇਸ਼ ਕਮੇਟੀਆਂ ਬਣਾਈਆਂ ਹਨ ਜੋ ਕੇਂਦਰ, ਪੰਜਾਬ ਅਤੇ ਖੈਬਰ ਪਖਤੂਨਖਵਾ ਰਾਜ ਵਿੱਚ ਪੀਟੀਆਈ ਦੀ ਸਰਕਾਰ ਬਣਾਉਣ ਲਈ ਰਣਨੀਤੀ ਬਣਾਉਣਗੀਆਂ।

ਚੋਣ ਨਤੀਜਿਆਂ ਤੋਂ ਬਾਅਦ ਪੀਟੀਆਈ ਦੀ ਕੋਰ ਕਮੇਟੀ ਦੀ ਮੀਟਿੰਗ ਹੋਈ, ਜਿਸ ਵਿੱਚ ਸਰਕਾਰੀ ਅਤੇ ਸੰਸਦੀ ਅਹੁਦਿਆਂ ਲਈ ਲੋਕਾਂ ਦੀ ਨਾਮਜ਼ਦਗੀ ਦੀ ਪ੍ਰਕਿਰਿਆ ਜਲਦੀ ਮੁਕੰਮਲ ਕਰਨ ਲਈ ਸਹਿਮਤੀ ਬਣੀ। ਪਾਕਿਸਤਾਨ ਦੀਆਂ ਆਮ ਚੋਣਾਂ ਵਿੱਚ ਪੀਟੀਆਈ ਦੇ ਸਮਰਥਨ ਵਾਲੇ 101 ਆਜ਼ਾਦ ਉਮੀਦਵਾਰਾਂ ਨੇ ਜਿੱਤ ਦਰਜ ਕੀਤੀ ਹੈ ਅਤੇ ਪੀਟੀਆਈ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਹੈ। ਪੀਟੀਆਈ ਨੇ ਇਕ ਬਿਆਨ ਜਾਰੀ ਕਰਕੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੂੰ ਰੋਕਣ ਅਤੇ ਪਾਰਟੀ 'ਤੇ ਅਨੈਤਿਕ ਤਰੀਕੇ ਨਾਲ ਦਬਾਅ



ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਦੇਸ਼ ਦੇ ਲੋਕਾਂ ਨੂੰ ਇਮਰਾਨ ਖਾਨ 'ਤੇ ਭਰੋਸਾ ਹੈ ਅਤੇ ਉਨ੍ਹਾਂ ਦੀਆਂ ਵੋਟਾਂ ਨਾਲ ਇਮਰਾਨ ਖਾਨ ਨੂੰ ਦੇਸ਼ ਭਗਤੀ ਦਾ ਪ੍ਰਮਾਣ ਪੱਤਰ ਦਿੱਤਾ ਗਿਆ ਹੈ। ।

ਪੀਟੀਆਈ ਵੀ ਚੋਣਾਂ ਵਿੱਚ ਧਾਂਦਲੀ ਦੇ ਦੋਸ਼ ਲਗਾ ਰਹੀ ਹੈ ਅਤੇ ਇਸ ਦੇ ਨੇਤਾਵਾਂ ਨੇ ਇਸ ਸਬੰਧੀ ਰਾਸ਼ਟਰਪਤੀ ਆਰਿਫ ਅਲਵੀ ਨਾਲ ਮੁਲਾਕਾਤ ਕੀਤੀ ਸੀ। ਪੀਟੀਆਈ ਦਾ ਦੋਸ਼ ਹੈ ਕਿ ਇੱਕ ਸਮੇਂ ਚੋਣ ਨਤੀਜਿਆਂ ਦੀ ਗਿਣਤੀ ਦੌਰਾਨ ਉਹ 170 ਨੈਸ਼ਨਲ ਅਸੈਂਬਲੀ ਸੀਟਾਂ 'ਤੇ ਅੱਗੇ ਸੀ, ਪਰ ਇਸ ਤੋਂ ਬਾਅਦ ਚੋਣ ਪੀਐਮਐਲ-ਐਨ ਦੇ ਹੱਕ ਵਿੱਚ ਬਦਲ ਗਈ। ਪੀਟੀਆਈ ਨੇ ਨਵਾਜ਼ ਸ਼ਰੀਫ਼ ਦੀ ਪਾਰਟੀ ਪੀਐਮਐਲ-ਐਨ ਅਤੇ ਬਿਲਾਵਲ ਭੁੱਟੋ ਜ਼ਰਦਾਰੀ ਦੀ ਪਾਰਟੀ ਪੀਪੀਪੀ ਨਾਲ ਗਠਜੋੜ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636

2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਭਾਰਤੀ ਮੂਲ ਦੇ ਰਾਜਸੀ ਆਗੂ ਅਮੀਸ਼ ਸ਼ਾਹ ਨੇ ਐਰੀਜ਼ੋਨਾ ਵਿਧਾਨ ਸਭਾ ਤੋਂ ਦਿੱਤਾ ਅਸਤੀਫਾ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਕਾਂਗਰਸ ਸੀਟ ਲਈ ਜੋਰ ਅਜਮਾਈ ਕਰ ਰਹੇ ਭਾਰਤੀ-ਅਮਰੀਕੀ ਅਮੀਸ਼ ਸ਼ਾਹ ਨੇ ਐਰੀਜ਼ੋਨਾ ਵਿਧਾਨ ਸਭਾ ਤੋਂ ਅਸਤੀਫਾ ਦੇ ਦਿੱਤਾ ਹੈ। 46 ਸਾਲਾ ਸ਼ਾਹ ਨੇ ਪਿਛਲੇ ਸਾਲ ਡੈਮੋਕਰੈਟਿਕ ਉਮੀਦਵਾਰ ਵਜੋਂ ਰਾਜ ਦੇ ਫਸਟ ਕਾਂਗਰੈਸ਼ਨਲ ਡਿਸਟ੍ਰਿਕਟ ਤੋਂ ਉਮੀਦਵਾਰੀ ਦੀ ਦੌੜ ਵਿਚ ਸ਼ਾਮਿਲ ਹੋਣ ਦਾ ਐਲਾਨ ਕੀਤਾ ਸੀ ਜੋ ਸੀਟ



ਇਸ ਸਮੇ ਰਿਪਬਲੀਕਨ ਆਗੂ ਡੇਵਿਡ ਸ਼ਵੀਕਰਟ ਕੋਲ ਹੈ। ਇਸ ਸੀਟ ਤੋਂ ਸ਼ਾਹ ਜੋ ਪਿਛਲੇ 15 ਸਾਲਾਂ ਤੋਂ ਡਾਕਟਰੀ ਖੇਤਰ ਵਿਚ ਸੇਵਾਵਾਂ ਨਿਭਾਅ ਰਹੇ ਹਨ ਤੋਂ ਇਲਾਵਾ 6 ਹੋਰ ਡੈਮੋਕਰੈਟਿਕ ਉਮੀਦਵਾਰ ਵਜੋਂ ਨਾਮਜ਼ਦਗੀ ਦੌੜ ਵਿਚ ਸ਼ਾਮਲ ਹਨ। ਸ਼ਾਹ ਨੇ ਕਿਹਾ ਹੈ ਕਿ ਜੇਕਰ ਉਹ ਸਫਲ ਹੁੰਦੇ ਹਨ ਤਾਂ ਹੋਰ ਮੁੱਦਿਆਂ ਤੋਂ ਇਲਾਵਾ ਸਿੱਖਿਆ, ਸਰਵ ਵਿਆਪਕ ਸਿਹਤ ਸੰਭਾਲ , ਵਰਕਰਾਂ ਲਈ ਉਚਿੱਤ ਮਜਦੂਰੀ ਤੇ ਗਰਭਪਾਤ ਪਹੁੰਚ ਉਨਾਂ ਦੇ ਮੁੱਖ ਮੁੱਦੇ ਹੋਣਗੇ।

**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ
Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana

MEMBER iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant

ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਬਰਾੜ ਗਰਾਜ ਡੋਰ

ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS

We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

# ਵਨ ਫੇਅਰ ਨਾਲ ਫੋਰਡ ਸਰਕਾਰ ਲੋਕਾਂ ਨੂੰ ਦੇਣ ਜਾ ਰਹੀ ਹੈ ਵੱਡੀ ਰਾਹਤ

ਸੋਮਵਾਰ ਨੂੰ, ਪ੍ਰੀਮੀਅਰ ਡੱਗ ਫੋਰਡ ਤੇ ਐਸੋਸੀਏਟ ਮਨਿਸਟਰ ਆਫ਼ ਟਰਾਂਸਪੋਰਟੇਸ਼ਨ ਵਿਜੇ ਥਨਿਗਸਲਮ, ਨੇ ਐਲਾਨ ਕੀਤਾ ਕਿ ਵਨ ਫੇਅਰ ਲਾਂਚ ਕਰਕੇ ਓਨਟਾਰੀਓ ਸਰਕਾਰ ਪਬਲਿਕ ਟਰਾਂਜਿਟ ਵਿੱਚ ਸਫਰ ਕਰਨ ਵਾਲੇ ਲੋਕਾਂ ਲਈ ਕੀਮਤਾਂ ਘੱਟ ਰੱਖਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਉਪਰਾਲੇ ਨਾਲ ਰਾਈਡਰਜ਼ ਨੂੰ ਹਰ ਸਾਲ 1600 ਡਾਲਰ ਦੀ ਬੱਚਤ ਹੋਵੇਗੀ । 26 ਫਰਵਰੀ, 2024 ਤੋਂ ਸ਼ੁਰੂ ਹੋਣ ਜਾ ਰਹੀ ਇਸ ਸਕੀਮ ਤਹਿਤ ਰਾਈਡਰਜ਼ ਨੂੰ ਟੀਟੀਸੀ ਤੇ ਇਸ ਸਕੀਮ ਵਿੱਚ ਟ੍ਰਾਂਜ਼ਿਟ ਸਮੇਤ ਭਾਗ ਲੈਣ ਵਾਲੀਆਂ ਗ੍ਰੇਟਰ ਟੋਰਾਂਟੋ ਏਰੀਆ ਦੀਆਂ ਟਰਾਂਜਿਟ ਏਜੰਸੀਆਂ ਲਈ ਇੱਕ ਵਾਰ ਕਿਰਾਇਆ ਦੇਣਾ ਹੋਵੇਗਾ ਤੇ ਫਿਰ ਉਹ ਇਹਨਾਂ ਵਿੱਚ ਬਦਲ ਬਦਲ ਕੇ ਸਫਰ ਕਰ ਸਕਣਗੇ ।

ਪ੍ਰੀਮੀਅਰ ਡੱਗ ਫੋਰਡ ਨੇ ਇਸ ਮੌਕੇ ਆਖਿਆ ਕਿ ਓਨਟਾਰੀਓ ਦੇ ਮਿਹਨਤੀ ਲੋਕਾਂ ਲਈ ਸਾਡੀ ਸਰਕਾਰ ਕੀਮਤਾਂ ਨੂੰ ਘੱਟ ਰੱਖਣ ਲਈ ਹਰ ਕੋਸ਼ਿਸ਼ ਕਰ ਰਹੀ ਹੈ। ਵਨ ਫੇਅਰ ਨਾਲ ਲੋਕ ਦੋਹਰੇ ਕਿਰਾਏ ਤੋਂ ਬਚ ਸਕਣਗੇ ਤੇ ਟਰਾਂਜਿਟ ਰਾਈਡਰਜ਼ ਦੀ ਜੇਬ ਵਿੱਚ 1600 ਡਾਲਰ ਬਚਣਗੇ। ਓਹਨਾ ਆਖਿਆ ਕਿ ਅਸੀਂ ਪਹਿਲਾ ਹੀ ਗੈਸ ਟੈਕਸ, ਸੜਕਾਂ ਉੱਤੇ ਲੱਗਣ ਵਾਲੇ ਟੋਲ ਨੂੰ ਹਟਾ ਕੇ ਤੇ ਲਾਇਸੈਂਸ ਪ੍ਲੇਟ ਸਟਿੱਕਰ ਫੀਸ ਨੂੰ ਖਤਮ ਕਰਕੇ ਡਰਾਈਵਰ ਤੇ ਕਮਿਊਟਰਜ਼ ਨੂੰ ਵੱਡੀ ਰਾਹਤ ਦੇ ਰਹੇ ਹਾਂ।

ਪੂਰੀ ਤਰ੍ਹਾਂ ਓਨਟਾਰੀਓ ਸਰਕਾਰ ਵੱਲੋਂ ਫੰਡ ਪ੍ਰਾਪਤ ਵਨ ਫੇਅਰ ਨਾਲ ਹਰ ਸਾਲ ਰਾਈਡਰਜ਼ ਨੂੰ 80 ਲੱਖ ਤੋਂ ਵੱਧ ਨਵੀਆਂ ਸਵਾਰੀਆਂ ਮਿਲਣਗੀਆਂ ਤੇ ਇਸ ਨਾਲ ਸਿਟੀ ਤੋਂ ਸਿਟੀ ਟਰੈਵਲ ਕਰਨਾ ਵੀ ਕਿਫਾਇਤੀ ਹੋਵੇਗਾ। ਇਸ ਨਾਲ ਵਿਦਿਆਰਥੀਆਂ, ਬਜ਼ੁਰਗਾਂ ਅਤੇ ਹੋਰ ਯਾਤਰੀਆਂ ਜਿਹੜੇ ਕਿ ਟ੍ਰਾਂਜ਼ਿਟ, ਟੀਟੀਸੀ, ਬਰੈਂਪਟਨ ਟ੍ਰਾਂਜ਼ਿਟ, ਡਰਹਮ ਰੀਜਨ ਟ੍ਰਾਂਜ਼ਿਟ ਮਾਇਵੇਅ ਤੇ ਯੌਰਕ ਰੀਜਨ ਟ੍ਰਾਂਜ਼ਿਟ ਉਤੇ ਸਫਰ ਕਰਦੇ ਹਨ, ਨੂੰ ਵੱਡਾ ਫਾਇਦਾ ਹੋਵੇਗਾ ।




ਬਰੈਂਪਟਨ ਵੈਸਟ ਦੇ ਪ੍ਰੋਵਿੰਸ਼ੀਅਲ ਪਾਰਲੀਮੈਂਟ ਮੈਂਬਰ ਅਮਰਜੋਤ ਸੰਧੂ ਨੇ ਕਿਹਾ, "ਪ੍ਰੀਮੀਅਰ ਫੋਰਡ ਦੀ ਅਗਵਾਈ ਹੇਠ ਓਨਟਾਰੀਓ ਸਰਕਾਰ ਓਨਟਾਰੀਓ ਦੇ ਲੋਕਾਂ ਦੀਆਂ ਜੇਬਾਂ ਵਿੱਚ ਪੈਸਾ ਵਾਪਸ ਪਾਉਣ ਲਈ ਵਚਨਬੱਧ ਹੈ। ਓਨਟਾਰੀਓ ਦੀ ਵਨ ਫੇਅਰ ਪਹਿਲਕਦਮੀ ਜਨਤਕ ਆਵਾਜਾਈ ਦੀ ਪਹੁੰਚਯੋਗਤਾ ਅਤੇ ਸਮਰੱਥਾ ਨੂੰ ਵਧਾਉਣ ਦੀ ਕੋਸ਼ਿਸ਼ ਕਰਦੀ ਹੈ, ਯਾਤਰੀਆਂ ਲਈ ਇੱਕ ਸਹਿਜ ਅਤੇ ਲਾਗਤ-ਪ੍ਰਭਾਵਸ਼ਾਲੀ ਅਨੁਭਵ ਪੈਦਾ ਕਰਦੀ ਹੈ।"

ਇਸ ਮੌਕੇ ਐਸੋਸੀਏਟ ਮਨਿਸਟਰ ਆਫ਼ ਟਰਾਂਸਪੋਰਟੇਸ਼ਨ ਵਿਜੇ ਥਨਿਗਸਲਮ ਨੇ ਆਖਿਆ ਕੇ ਅਜੋਕੇ ਸਮੇਂ ਜਦੋਂ ਪਰਿਵਾਰ ਨੂੰ ਕਾਫੀ ਸੰਘਰਸ਼ ਕਰਨਾ ਪੈ ਰਿਹਾ ਹੈ ਅਜਿਹੇ ਵਿੱਚ ਸਾਡੀ ਸਰਕਾਰ ਪਬਲਿਕ ਟ੍ਰਾਂਜ਼ਿਟ ਨੂੰ ਸੁਖਾਲਾ, ਸਹਿਜ ਤੇ ਹੋਰ ਕਿਫਾਇਤੀ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਹਨਾਂ ਆਖਿਆ ਕਿ ਪ੍ਰੀਮੀਅਰ ਡੱਗ ਫੋਰਡ ਦੀ ਲੀਡਰਸ਼ਿਪ ਤਹਿਤ ਅਸੀਂ ਪਬਲਿਕ ਟ੍ਰਾਂਜ਼ਿਟ ਵਿੱਚ ਇਤਿਹਾਸਿਕ ਨਿਵੇਸ਼ ਕਰਦੇ ਰਹਾਂਗੇ ਤੇ ਪੈਸਾ ਮੁੜ ਲੋਕਾਂ ਦੀਆਂ ਜੇਬਾਂ ਵਿੱਚ ਪਾਉਂਦੇ ਰਹਾਂਗੇ।




ਆਵਾਜਾਈ ਮੰਤਰੀ ਪ੍ਰਭਮੀਤ ਸਰਕਾਰੀਆ ਨੇ ਕਿਹਾ, "ਓਨਟਾਰੀਓ ਦਾ ਵਨ ਫੇਅਰ ਪ੍ਰੋਗਰਾਮ ਇੱਕ ਹੋਰ ਉਦਾਹਰਣ ਹੈ ਕਿ ਅਸੀਂ ਯਾਤਰੀਆਂ ਦੇ ਸਮੇਂ ਅਤੇ ਪੈਸੇ ਦੀ ਬੱਚਤ ਕਿਵੇਂ ਕਰ ਰਹੇ ਹਾਂ। ਭਾਵੇਂ ਇਹ ਕੰਮ, ਸਕੂਲ ਜਾਂ ਸਮਾਜਿਕ ਸਮਾਗਮਾਂ ਦੀ ਗੱਲ ਹੈ, ਓਨਟਾਰੀਓ ਦੀ ਜਨਤਕ ਆਵਾਜਾਈ ਪ੍ਰਣਾਲੀ ਵਿੱਚ ਸਾਡੀ ਸਰਕਾਰ ਦੇ ਇਤਿਹਾਸਕ ਨਿਵੇਸ਼ ਲੋਕਾਂ ਲਈ ਜਿੱਥੇ ਉਨ੍ਹਾਂ ਨੂੰ ਜਾਣਾ ਚਾਹੀਦਾ ਹੈ ਉੱਥੇ ਪਹੁੰਚਣਾ ਆਸਾਨ, ਤੇਜ਼ ਅਤੇ ਸਸਤਾ ਬਣਾ ਰਿਹਾ ਹੈ ।"

ਟਰਾਂਸਪੋਰਟ ਮੰਤਰੀ ਦੇ ਸੰਸਦੀ ਸਹਾਇਕ ਹਰਦੀਪ ਗਰੇਵਾਲ ਨੇ ਕਿਹਾ, "ਓਨਟਾਰੀਓ ਦਾ ਵਨ ਫੇਅਰ ਪ੍ਰੋਗਰਾਮ, ਪੂਰੀ ਤਰ੍ਹਾਂ ਸਾਡੀ ਸਰਕਾਰ ਦੁਆਰਾ ਫੰਡ ਕੀਤਾ ਗਿਆ ਹੈ, ਗ੍ਰੇਟਰ ਟੋਰਾਂਟੋ ਏਰੀਆ (ਜੀਟੀਏ) ਵਿੱਚ ਸਾਰੇ ਟਰਾਂਜ਼ਿਟ ਉਪਭੋਗਤਾਵਾਂ ਲਈ ਇੱਕ ਮੀਲ ਪੱਥਰ ਨੂੰ ਦਰਸਾਉਂਦਾ ਹੈ। ਮਿਊਂਸੀਪਲ ਟਰਾਂਜ਼ਿਟ ਪ੍ਰਣਾਲੀਆਂ ਵਿਚਕਾਰ ਨਿਰਵਿਘਨ ਕਿਰਾਏ ਦੇ ਤਬਾਦਲੇ ਦੇ ਨਾਲ, ਕੰਮ, ਸਕੂਲ, ਜਾਂ ਪਰਿਵਾਰ ਅਤੇ ਦੋਸਤਾਂ ਨਾਲ ਜੁੜਨਾ ਕਦੇ ਵੀ ਵਧੇਰੇ ਪਹੁੰਚਯੋਗ ਜਾਂ ਕਿਫਾਇਤੀ ਨਹੀਂ ਰਿਹਾ ਹੈ। ਇਹ ਪ੍ਰੋਗਰਾਮ ਸਾਰੇ ਟਰਾਂਜ਼ਿਟ ਉਪਭੋਗਤਾਵਾਂ ਲਈ ਯਾਤਰਾ ਨੂੰ ਆਸਾਨ ਅਤੇ ਵਧੇਰੇ ਸੁਵਿਧਾਜਨਕ ਬਣਾਉਣ ਲਈ ਸਾਡੀ ਸਰਕਾਰ ਦੀ ਵਚਨਬੱਧਤਾ ਦਾ ਪ੍ਰਮਾਣ ਹੈ।

ਵਨ ਫੇਅਰ ਦੇ ਨਾਲ, ਤੁਸੀਂ ਟ੍ਰਾਂਜ਼ਿਟ ਅਤੇ ਹੇਠ ਲਿਖੀਆਂ ਟ੍ਰਾਂਜ਼ਿਟ ਏਜੰਸੀਆਂ ਵਿਚਕਾਰ ਸਫਰ ਕਰਨ ਵੇਲੇ ਸਿਰਫ਼ ਇੱਕ ਵਾਰ ਭੁਗਤਾਨ ਕਰੋਗੇ:

Barrie Transit
•Brampton Transit
•Burlington Transit
•Bradford West Gwillimbury Transit
• Durham Region Transit
•Grand River Transit
•Guelph Transit
•Hamilton Street Railway
• Milton Transit
•MiWay
•Oakville Transit
• TTC
• York Region Transit

Tech Spirit
Consultation, Installation & Servicing
Specialized in:
• Analog & IP security cameras • Installation & Maintenance, Upgrade • Video Doorbell Installation
Call: 905-621-4100
7-8770 The Gore Road, Brampton, ON L6P 0B1
1080p HD ਦੇ 4 ਸਿਕਓਰਿਟੀ ਕੈਮਰੇ ਸਿਰਫ $999 ਵਿੱਚ ਲਗਵਾਓ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

## CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Well settled Ramgarhia Family living in Winnipeg from 16 years looking for a suitable match for their son 33-year-old,5-10 Tall, clean shaved, Active in Real Estate Business and financing Business Manitoba and Ontario. Contact number-204-510-7658 and 519-917-5055.

7Feb

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇੱਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਸੈਲ ਐਂਡ ਫਿਕਸ
ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

# ਅੱਕੇ-ਥੱਕੇ ਲੋਕ, ਕੀ ਨਿਰਣਾ ਦੇਣਗੇ ਲੋਕ ਸਭਾ ਚੋਣਾਂ 'ਚ ?

-ਗੁਰਮੀਤ ਸਿੰਘ ਪਲਾਹੀ-

ਦੇਸ਼ ਦੀ ਹਾਕਮ ਧਿਰ ਭਾਰਤੀ ਜਨਤਾ ਪਾਰਟੀ ਵਲੋਂ ਸਾਲ 2024 ਦੀਆਂ ਲੋਕ ਸਭਾ ਚੋਣਾਂ ਲਈ ਹਰ ਪੱਖੋਂ ਹਮਲਾਵਰ ਰੁਖ਼ ਅਖ਼ਤਿਆਰ ਕੀਤਾ ਹੋਇਆ ਹੈ। ਭਾਜਪਾ, ਉਸਦੀ ਸਰਕਾਰ ਅਤੇ ਆਰ.ਐਸ.ਐਸ. ਹਰ ਹੀਲਾ-ਵਸੀਲਾ ਵਰਤਕੇ ਅਗਲੀਆਂ ਲੋਕ ਸਭਾ ਚੋਣਾਂ ਜਿੱਤਣ ਲਈ ਹੁਣੇ ਤੋਂ ਹੀ ਪੱਬਾਂ ਭਾਰ ਹੋਈ ਪਈ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਗਲੀਆਂ ਲੋਕ ਸਭਾ ਦੀਆਂ 400 ਸੀਟਾਂ ਜਿੱਤਣ ਦਾ ਦਾਅਵਾ ਕਰਨ ਲੱਗ ਪਏ ਹਨ।

ਕੇਂਦਰ ਸਰਕਾਰ ਵਲੋਂ ਆਪਣੀ ਮੁੱਖ ਵਿਰੋਧੀ ਪਾਰਟੀ, ਜਿਸ ਤੋਂ ਉਸਨੇ ਦਸ ਵਰ੍ਹੇ ਪਹਿਲਾਂ ਤਾਕਤ ਹਥਿਆਈ ਸੀ, ਦੇ ਕਾਰਜ ਕਾਲ 'ਚ ਕੀਤੀਆਂ ਖੁਨਾਮੀਆਂ, ਸਬੰਧੀ ਵਾਈਟ ਪੇਪਰ ਜਾਰੀ ਕੀਤਾ ਗਿਆ ਹੈ ਅਤੇ ਕਾਂਗਰਸ ਨੂੰ ਮੁੱਖ ਤੌਰ 'ਤੇ ਦੇਸ਼ ਦੇ ਅਰਥਚਾਰੇ 'ਚ ਗਿਰਾਵਟ ਦਾ ਦੋਸ਼ੀ ਦੱਸਿਆ ਗਿਆ ਹੈ। ਕਾਂਗਰਸ ਨੇ ਵੀ ਭਾਜਪਾ ਦੇ ਕਾਰਜ ਕਾਲ ਸਬੰਧੀ ਬਲੈਕ ਪੇਪਰ ਜਾਰੀ ਕੀਤਾ ਹੈ ਅਤੇ ਦੇਸ਼ ਦੀ ਮੌਜੂਦਾ ਭੈੜੀ ਹਾਲਤ ਲਈ ਉਸਨੂੰ ਦੋਸ਼ੀ ਗਰਦਾਨਿਆ ਹੈ। ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਨਰੇਂਦਰ ਮੋਦੀ ਕਾਲ ਨੂੰ ਅਨਿਆਏ ਕਾਲ ਕਿਹਾ ਹੈ ਅਤੇ ਕਿਸਾਨਾਂ ਤੇ ਫੌਜੀਆਂ ਨੂੰ ਬਰਬਾਦ ਕਰਨ ਦਾ ਜ਼ੁੰਮੇਵਾਰ ਆਖਿਆ ਹੈ।

ਹਾਕਮ ਧਿਰ ਅਤੇ ਵਿਰੋਧੀ ਧਿਰ ਵਿਚਕਾਰ ਦੋਸ਼ਾਂ ਅਤੇ ਮੋੜਵੇਂ ਦੋਸ਼ਾਂ ਦੀ ਲੜੀ ਚੱਲ ਪਈ ਹੈ। ਜਿਥੇ ਦੇਸ਼ ਦੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਅੰਤਰਿਮ ਬਜ਼ਟ ਪੇਸ਼ ਕਰਦਿਆਂ ਦੇਸ਼ ਨੂੰ ਤੇਜ਼ੀ ਨਾਲ ਤਰੱਕੀ ਕਰਨ ਵਾਲੀ ਅਰਥ ਵਿਵਸਥਾ ਕਰਾਰ ਦਿੱਤਾ ਹੈ, ਉਥੇ ਵਿਰੋਧੀਆਂ ਨੇ ਇਸ ਨੂੰ ਨਾਕਾਮਯਾਬ ਅਤੇ ਨਿਘਾਰ ਵੱਲ ਜਾਂਦੀ ਅਰਥ ਵਿਵਸਥਾ ਦਾ ਨਾਂਅ ਦਿੱਤਾ ਹੈ। ਅਸਲ 'ਚ ਹਾਕਮ ਧਿਰ ਅਤੇ ਵਿਰੋਧੀ ਧਿਰ ਵਿਚਕਾਰ ਚੱਲ ਰਹੇ ਇਸ ਰਾਮ-ਰੌਲੇ ਅਤੇ ਦਾਅਵਿਆਂ ਤੋਂ ਅਤੇ ਦੇਸ਼ ਦੀ ਭੈੜੀ ਹਾਲਤ ਤੋਂ ਦੇਸ਼ ਦੇ ਲੋਕ ਅੱਕ ਅਤੇ ਥੱਕ ਚੁੱਕੇ ਹਨ।

ਆਓ ਕੁਝ ਹਕੀਕਤਾਂ ਵੱਲ ਧਿਆਨ ਕਰੀਏ! ਮੌਜੂਦਾ ਸਰਕਾਰ ਦੇ ਕਾਰਜਕਾਲ ਵਿੱਚ ਸਾਲ 2023 ਵਿੱਚ ਦੇਸ਼ 'ਚ ਤਕਨੀਕੀ ਕੰਪਨੀਆਂ ਨੇ ਦੋ ਲੱਖ ਸੱਠ ਹਜ਼ਾਰ ਨੌਕਰੀਆਂ ਖ਼ਤਮ ਕਰ ਦਿੱਤੀਆਂ ਹਨ, ਬਸ ਕੁਝ ਹਜ਼ਾਰ ਲੋਕਾਂ ਨੂੰ ਸਰਕਾਰ ਨੇ ਨਿਯੁੱਕਤੀ ਪੱਤਰ ਦਿੱਤੇ ਹਨ। ਵਾਇਦਾ ਤਾਂ ਇਹ ਸੀ ਕਿ ਦੋ ਕਰੋੜ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾਣਗੀਆਂ। ਹਾਕਮਾਂ ਦਾ ਪਿਛਲੇ 10 ਸਾਲਾਂ ਤੋਂ ਹਰ ਵਰ੍ਹੇ ਲੱਖਾਂ ਨੌਕਰੀਆਂ ਦੇਣ ਦੇ ਦਾਅਵੇ ਨੂੰ ਕਦੇ ਵੀ ਬੂਰ ਨਹੀਂ ਪਿਆ। ਇੰਜ ਬੇਰੁਜ਼ਗਾਰੀ ਦਾ ਦੈਂਤ ਲੋਕਾਂ ਨੂੰ ਨਿਗਲ ਰਿਹਾ ਹੈ। ਲੋਕ ਹਾਲੇ ਵੀ 2014 ਦੇ ਉਸ ਚੋਣ ਵਾਅਦੇ ਨੂੰ ਯਾਦ ਕਰ ਰਹੇ ਹਨ ਕਿ ਹਰ ਭਾਰਤੀ ਦੇ ਖਾਤੇ 'ਚ 15 ਲੱਖ ਰੁਪਏ ਵਿਦੇਸ਼ਾਂ ਤੋਂ ਵਾਪਿਸ ਲਿਆਂਦਾ ਕਾਲਾ ਧਨ ਚਿੱਟਾ ਕਰਕੇ ਧਨ ਪਾਇਆ ਜਾਏਗਾ। ਕਿਸਾਨ ਤਾਂ ਸਰਕਾਰ ਨੂੰ ਵਾਰ-ਵਾਰ ਯਾਦ ਕਰਵਾਉਂਦੇ ਹਨ ਕਿ ਉਹਨਾ ਦੀ ਆਮਦਨ 2022 ਤੱਕ ਦੋਗੁਣੀ ਕਰਨ ਦਾ ਕੀ ਬਣਿਆ।

ਦੇਸ਼ ਦੇ ਅਰਥਚਾਰੇ ਦੇ ਥੰਮ ਕਿਰਤੀਆਂ ਦੀ ਦਸ਼ਾ ਬਦਤਰ ਹੋ ਰਹੀ ਹੈ, ਤਿੰਨੋਂ ਪ੍ਰਕਾਰ ਦੇ ਕਿਰਤੀਆਂ ਨਿਯਮਤ/ਅਨਿਯਮਤ, ਦਿਹਾੜੀਦਾਰ ਅਤੇ ਸਵੈ-ਰੁਜ਼ਗਾਰ ਦੀ ਅਸਲ ਮਜ਼ਦੂਰੀ 2017-18 ਅਤੇ 2022-23 ਵਿੱਚ ਠਹਿਰ ਗਈ ਹੈ। ਇਹ ਅਜੀਮ ਪ੍ਰੇਮ ਜੀ ਯੂਨੀਵਰਸਿਟੀ ਦੀ ਸਟੇਟ ਆਫ ਵਰਕਿੰਗ ਇੰਡੀਆ ਰਿਪੋਰਟ ਨੇ ਇੰਕਸਾਫ ਕੀਤਾ ਹੈ।

ਸਰਕਾਰ ਵਾਰ-ਵਾਰ ਦਾਅਵਾ ਕਰਦੀ ਹੈ ਕਿ ਦੇਸ਼ ਵਿਚੋਂ 25 ਕਰੋੜ ਲੋਕ, ਗਰੀਬੀ ਰੇਖਾ ਤੋਂ ਉੱਪਰ ਆ ਗਏ ਹਨ, ਜਦਕਿ ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂ.ਐਨ ਡੀ ਪੀ) ਅਨੁਸਾਰ ਗਰੀਬੀ ਤੋਂ ਬਾਹਰ ਨਿਕਲਣ ਵਾਲੇ ਲੋਕਾਂ ਦੀ ਗਿਣਤੀ 14 ਕਰੋੜ ਹੈ। ਸਰਕਾਰ ਕਿਸਾਨਾਂ ਨੂੰ ਹਰ ਵਰ੍ਹੇ 11.8 ਕਰੋੜ ਕਿਸਾਨਾਂ ਨੂੰ 6000 ਰੁਪਏ ਦੇਣ ਦਾ ਦਾਅਵਾ ਕਰਦੀ ਹੈ, ਜਦਕਿ ਇਹ ਸਹਾਇਤਾ ਪ੍ਰਾਪਤ ਕਰਨ ਵਾਲੇ ਕਿਸਾਨਾਂ ਦੀ ਅਸਲ ਗਿਣਤੀ 8.12 ਕਰੋੜ ਹੈ।

ਦੇਸ਼ ਦੇ ਵਿੱਚ 16 ਆਈ.ਆਈ.ਟੀ. 15 ਏਮਜ਼ ਅਤੇ 390 ਨਵੀਆਂ ਸਿੱਖਿਆ ਸੰਸਥਾਨ ਖੋਹਲਣ ਦਾ ਦਾਅਵਾ ਸਰਕਾਰ ਵਲੋਂ ਕੀਤਾ ਗਿਆ ਹੈ। ਪਰ 22 ਮਾਰਚ 2023 ਦੀ ਇੱਕ ਰਿਪੋਰਟ ਅਨੁਸਾਰ ਆਈ.ਆਈ.ਟੀ. ਵਿੱਚ 9625, ਆਈ.ਆਈ.ਆਈ.ਟੀ. 'ਚ 1212 ਅਤੇ ਕੇਂਦਰੀ ਵਿਸ਼ਵ ਵਿਦਿਆਲਿਆਂ ਵਿੱਚ 22,106 ਮੁੱਖ ਥਾਵਾਂ ਖਾਲੀ ਸਨ।

ਦੇਸ਼ ਦੇ ਹਾਕਮਾਂ ਵਲੋਂ ਦੇਸ਼ 'ਚ ਕੀਤੀ, ਕਾਰਵਾਈ ਜਾ ਰਹੀ ਤਰੱਕੀ, ਨਵੇਂ ਪ੍ਰਾਜੈਕਟਾਂ ਦੇ ਅੰਕੜੇ ਧੜਾ ਧੜ ਪੇਸ਼ ਕੀਤੇ ਜਾ ਰਹੇ ਹਨ ਅਤੇ ਦੇਸ਼ ਦੇ ਅਰਥਚਾਰੇ ਨੂੰ ਦੁਨੀਆ ਦੇ ਸਰਵੋਤਮ ਅਰਥ ਚਾਰਿਆਂ 'ਚ ਲਿਆਉਣ ਦੇ ਦਮਗਜੇ ਮਾਰੇ ਜਾ ਰਹੇ ਹਨ, ਪਰ ਹਕੀਕਤ ਇਹ ਹੈ ਕਿ ਦੇਸ਼ ਦਾ ਅਰਥਚਾਰਾ, ਕਾਰਪੋਰੇਟ ਸੈਕਟਰ ਨੇ ਚੁਰਾ ਲਿਆ ਹੈ, ਅਤੇ ਉਸ ਵਲੋਂ ਸਿਰਫ ਤੇ ਸਿਰਫ ਆਪਣੇ ਹਿੱਤਾਂ ਅਨੁਸਾਰ ਦੇਸ਼ ਦੇ ਹਾਕਮਾਂ ਨੂੰ ਚਲਾਉਣ ਦੇ ਯਤਨ ਹੋ ਰਹੇ ਹਨ ਅਤੇ ਇਸੇ ਕਰਕੇ ਉਹ ਹਾਕਮ ਧਿਰ ਦੀ ਆਉਣ ਵਾਲੀਆਂ ਚੋਣਾਂ 'ਚ ਭਰਪੂਰ ਵਿੱਤੀ ਮਦਦ ਕਰ ਰਹੇ ਹਨ ਤਾਂ ਕਿ ਮੌਜੂਦਾ ਹਾਕਮ ਜੋ ਨਿੱਜੀਕਰਨ ਨੂੰ



ਹੁਲਾਰਾ ਦੇ ਰਹੇ ਹਨ, ਦਿੱਲੀ ਦੀ ਗੱਦੀ ਉਤੇ ਟਿਕੇ ਰਹਿਣ। ਰੇਲਵੇ ਸਮੇਤ ਹੋਰ ਵੱਡੀਆਂ ਸੰਸਥਾਵਾਂ ਟੁੱਕੜਾ-ਟੁੱਕੜਾ ਕਰਕੇ ਨਿੱਜੀ ਹੱਥਾਂ 'ਚ ਦਿੱਤੀਆਂ ਜਾ ਰਹੀਆਂ ਹਨ।

ਪਿਛਲੇ ਦਿਨੀ ਦੇਸ਼ ਦੇ ਚੋਣ ਆਯੋਗ ਨੂੰ, ਹਰੇਕ ਸਿਆਸੀ ਪਾਰਟੀ ਨੇ ਆਪੋ-ਆਪਣੀ ਇੱਕ ਰਿਪੋਰਟ ਪੇਸ਼ ਕੀਤੀ ਹੈ, ਜਿਸ ਅਨੁਸਾਰ ਸੱਤਾਧਾਰੀ ਭਾਜਪਾ ਨੂੰ 2022-23 ਵਿੱਚ ਚੋਣ ਬਾਂਡਾਂ ਰਾਹੀਂ ਲਗਭਗ 1300 ਕਰੋੜ ਰੁਪਏ ਪ੍ਰਾਪਤ ਹੋਏ ਹਨ। ਇਹ ਰਾਸ਼ੀ ਕਾਂਗਰਸ ਨੂੰ ਮਿਲੀ ਚੋਣ ਬਾਂਡਾਂ ਦੀ ਰਕਮ ਤੋਂ ਸੱਤ ਗੁਣਾ ਹੈ। ਉਂਜ ਭਾਜਪਾ ਨੂੰ 2022-23 ਵਿੱਚ ਕੁੱਲ ਫੰਡ 2120 ਕਰੋੜ ਰੁਪਏ ਮਿਲੇ ਹਨ, ਜਿਹਨਾ ਵਿੱਚ 61 ਫੀਸਦੀ ਚੋਣ ਬਾਂਡ ਹਨ। ਸਾਲ 2021-22 ਵਿੱਚ ਪਾਰਟੀ ਨੂੰ ਕੁੱਲ 1775 ਕਰੋੜ ਚੰਦਾ ਮਿਲਿਆ ਸੀ। ਕਾਂਗਰਸ ਨੂੰ 171 ਕਰੋੜ ਰੁਪਏ, ਸਮਾਜਵਾਦੀ ਪਾਰਟੀ ਨੂੰ 3.2 ਕਰੋੜ ਮਿਲੇ ਸਨ। ਭਾਜਪਾ ਨੇ ਵਿੱਤੀ ਸਾਲ 2021-22 'ਚ 117.4 ਕਰੋੜ ਰੁਪਏ ਜਹਾਜ਼ਾਂ ਤੇ ਹੈਲੀਕਾਪਟਰਾਂ ਦੀ ਵਰਤੋਂ ਲਈ ਅਤੇ ਆਪਣੇ ਉਮੀਦਵਾਰਾਂ ਨੂੰ ਵਿੱਤੀ ਸਹਾਇਤਾ ਦੇਣ ਲਈ 76.5 ਕਰੋੜ ਰੁਪਏ ਦਾ ਭੁਗਤਾਣ ਕੀਤਾ ਸੀ।

ਸਪੱਸ਼ਟ ਹੈ ਕਿ ਹਾਕਮ ਧਿਰ ਧੰਨ ਕੁਬੇਰਾਂ ਅਤੇ ਗੋਦੀ ਮੀਡੀਆ ਦੀ ਮਦਦ ਨਾਲ ਆਉਣ ਵਾਲੀਆਂ ਚੋਣਾਂ ਜਿੱਤਣ ਲਈ ਯਤਨਸ਼ੀਲ ਹੈ। ਇਹੋ ਜਿਹੀ ਸਥਿਤੀ ਵਿੱਚ ਵਿਰੋਧੀ ਧਿਰ ਜੇਕਰ ਹਮਲਾਵਰ ਰੁਖ਼ ਅਖਤਿਆਰ ਨਹੀਂ ਕਰਦੀ ਤਾਂ ਦੇਸ਼ ਨੂੰ ਆਉਣ ਵਾਲੇ ਸਮੇਂ ਵਿੱਚ ਇਹੋ ਜਿਹਾ ਕੁਝ ਵੇਖਣਾ ਪਵੇਗਾ ਜਿਸ ਦੀ ਕਲਪਨਾ ਇਸ ਲੋਕਤੰਤਰੀ ਮੁਲਕ ਵਿੱਚ ਕਿਸੇ ਨੇ ਵੀ ਨਹੀਂ ਕੀਤੀ ਹੋਵੇਗੀ।

ਅਸਲ ਵਿੱਚ ਦੇਸ਼ ਦੀ ਵਿਰੋਧੀ ਧਿਰ ਨੇ ਹਾਕਮ ਧਿਰ ਵਲੋਂ ਸਮੇਂ-ਸਮੇਂ ਕੀਤੇ ਗਏ ਗਲਤ ਕੰਮਾਂ ਦੇ ਵਿਰੋਧ ਵਿੱਚ ਨਾ ਇਕਮੁਠਤਾ ਵਿਖਾਈ ਅਤੇ ਨਾ ਹੀ ਉਹਨਾ ਮੁੱਦਿਆਂ ਨੂੰ ਲੋਕ ਕਚਿਹਰੀ ਵਿੱਚ ਉਠਾਇਆ। ਨੋਟਬੰਦੀ ਦੇ ਵੇਲੇ ਨਰੇਂਦਰ ਮੋਦੀ ਕਮਜ਼ੋਰ ਦਿੱਖ ਰਹੇ ਸਨ। ਪਰ ਦੇਸ਼ ਦੀ ਵਿਰੋਧੀ ਧਿਰ ਸਮੇਤ ਇਲਾਕਾਈ ਪਾਰਟੀਆਂ, ਕਮਿਊਨਿਸਟ ਇਸ ਮੁੱਦੇ ਨੂੰ ਉਠਾ ਨਾ ਸਕੇ। ਕੋਵਿਡ ਦੇ ਦੌਰ 'ਚ ਜਦ ਲੋਕ ਲੱਖਾਂ ਦੀ ਗਿਣਤੀ 'ਚ ਮਰੇ, ਦਵਾਈਆਂ ਦੀਆਂ ਕੰਪਨੀਆਂ, ਹਸਪਤਾਲਾਂ ਵਲੋਂ ਲੁੱਟੇ ਗਏ, ਉਸ ਵੇਲੇ ਵੀ ਮੋਦੀ ਕਮਜ਼ੋਰ ਦਿਖੇ ਸਨ। ਪਰ ਵਿਰੋਧੀ ਧਿਰਾਂ ਚੁੱਪ ਰਹੀਆਂ। ਪਾਰਲੀਮੈਂਟ ਵਿੱਚ ਵੀ ਰੌਲੇ-ਰੱਪੇ ਤੋਂ ਬਿਨ੍ਹਾਂ ਆਪੋਜੀਸ਼ਨ ਕੋਈ ਖਾਸ ਭੂਮਿਕਾ ਨਾ ਨਿਭਾ ਸਕੀ।

ਇਸ ਵੇਲੇ ਦੇਸ਼ ਵਿੱਚ ਜੋ ਸਥਿਤੀ ਹੈ ਉਹ ਕਿਸੇ ਤੋਂ ਲੁਕਵੀਂ ਨਹੀਂ ਹੈ। ਦੇਸ਼ ਦੇ ਸੁਪਰੀਮ ਕੋਰਟ ਦੇ ਵਕੀਲ ਈ.ਵੀ.ਐਮ. ਪ੍ਰਣਾਲੀ ਨਾਲ ਦੇਸ਼ 'ਚ ਚੋਣਾਂ ਕਰਾਉਣ ਵਿਰੁੱਧ ਮੋਰਚਾ ਲਾਈ ਬੈਠੇ ਹਨ। ਉਹਨਾ ਦੇ ਹੱਕ ਵਿੱਚ ਦੇਸ਼ ਭਰ ਤੋਂ ਕਿਸਾਨ ਆਏ ਹਨ, ਮਜ਼ਦੂਰ ਵੀ ਦਿੱਲੀ ਢੁੱਕੇ ਹੋਏ ਹਨ।

ਆਪਣੇ ਨਾਲ ਕੇਂਦਰ ਸਰਕਾਰ ਵਲੋਂ ਕੀਤੇ ਧ੍ਰੋਹ ਕਾਰਨ ਅਤੇ ਮੰਗਾਂ ਨਾ ਮੰਨੇ ਜਾਣ ਤੋਂ ਨਿਰਾਸ਼ ਅਤੇ ਰੋਹ ਵਿੱਚ ਕਿਸਾਨ ਜਥੇਬੰਦੀਆਂ ਮੁੜ ਅੰਦੋਲਨ ਦੇ ਰਾਹ ਉਤੇ ਹਨ। ਇਸ ਤੋਂ ਵੀ ਵੱਡੀ ਗੱਲ ਇਹ ਕਿ ਕੋਆਪਰੇਟਿਵ ਫੈਡਰਲਿਜ਼ਮ ਨੂੰ ਬਚਾਉਣ ਲਈ ਖੱਬੇ ਪਾਰਟੀਆਂ ਦੇ ਆਗੂ ਜੰਤਰ ਮੰਤਰ ਉਤੇ ਧਰਨੇ ਉਤੇ ਜਾ ਬੈਠੇ। ਤਿੰਨ ਮੁੱਖ ਮੰਤਰੀ ਸਮੇਤ ਖੱਬੀਆਂ ਧਿਰਾਂ ਆਮ ਆਦਮੀ ਪਾਰਟੀ, ਫਰੂਕ ਅਬਦੂਲਾ ਨੇ ਇੱਕ ਮੁੱਠਤਾ ਦਿਖਾਈ। ਮੁੱਖ ਮੁੱਦਾ ਇਹ ਰਿਹਾ ਕਿ ਕੇਂਦਰ ਸਰਕਾਰ ਰਾਜਾਂ ਨੂੰ ਟੈਕਸਾਂ ਵਿੱਚ ਬਣਦਾ ਹਿੱਸਾ ਨਹੀਂ ਦਿੰਦੀ ਅਤੇ ਵਿਰੋਧੀ ਪਾਰਟੀਆਂ ਦੇ ਸ਼ਾਸ਼ਤ ਵਾਲੇ ਰਾਜਪਾਲਾਂ ਰਾਹੀਂ ਸਰਕਾਰ ਦੇ ਕੰਮ ਕਾਜ ਵਿੱਚ ਰੁਕਾਵਟ ਪਾਉਂਦੀ ਹੈ। ਉਧਰ ਕਾਂਗਰਸ ਦੇ ਰਾਹੁਲ ਗਾਂਧੀ ਦੇਸ਼ ਦੀ ਨਿਆਏ ਯਾਤਰਾ ਤੇ ਹਨ ਅਤੇ ਲੋਕਾਂ ਨੂੰ ਹਾਕਮ ਧਿਰ ਦੀਆਂ ਨਾਕਾਮੀਆਂ ਅਤੇ ਵਧੀਕੀਆ ਦਸਦੇ ਲੋਕਾਂ ਨਾਲ ਰਾਬਤਾ ਕਰ ਰਹੇ ਹਨ।

ਦੇਸ਼ ਵਿੱਚ ਥਾਂ-ਥਾਂ ਬੇਚੈਨੀ ਹੈ। ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਵਲੋਂ ਬੇਇਨਸਾਫੀ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਦੇ ਵਿਰੁੱਧ ਰੋਸ ਪ੍ਰਗਟਾਇਆ ਜਾ ਰਿਹਾ ਹੈ। ਪੇਂਡੂ ਭਾਰਤ ਬੰਦ ਦਾ ਸੱਦਾ ਵੀ ਆਇਆ ਹੈ। ਦੇਸ਼ 'ਚ ਘੱਟ ਗਿਣਤੀਆਂ ਦੇ ਮਨਾਂ 'ਚ ਨਿਰੰਤਰ ਡਰ ਪੈਦਾ ਹੋ ਰਿਹਾ ਹੈ। ਦੇਸ਼ ਦੇ ਕੁਝ ਸੂਬਿਆਂ ਤੋਂ ਦੇਸ਼ ਅਤੇ ਪ੍ਰਦੇਸ਼ ਦਾ ਪ੍ਰਵਾਸ ਲੋਕਾਂ ਦੀ ਪ੍ਰੇਸ਼ਾਨੀ ਦਾ ਕਾਰਨ ਬਣਦਾ ਜਾ ਰਿਹਾ ਹੈ। ਲੋਕ ਇੱਕ ਦੇਸ਼, ਇੱਕ ਰਾਸ਼ਟਰ, ਇੱਕ ਟੈਕਸ, ਇੱਕ ਚੋਣ, ਇੱਕ ਬੋਲੀ ਅਤੇ ਅੱਗੋਂ ਪਤਾ ਨਹੀਂ ਕੀ ਕੁਝ ਬਸ, ਇਕੋ ਇੱਕ ਨੂੰ ਦੇਸ਼ ਦੇ ਸੰਘੀ ਢਾਂਚੇ ਉਤੇ ਵੱਡੀ ਸੱਟ ਵਾਂਗਰ ਵੇਖ ਰਹੇ ਹਨ।

ਸਰਕਾਰ ਬਹੁਚਰਚਿਤ ਨਾਗਰਿਕਤਾ ਕਾਨੂੰਨ ਨੂੰ ਚੋਣਾਂ ਤੋਂ ਪਹਿਲਾਂ ਲਾਗੂ ਕਰਨ ਲਈ ਦ੍ਰਿੜ ਹੈ, ਜਿਸ ਨਾਲ ਦੇਸ 'ਚ ਇੱਕ ਵਰਗ ਦੇ ਲੋਕਾਂ 'ਚ ਨਿਰਾਸ਼ਤਾ ਵਧੇਗੀ। ਸਰਕਾਰ ਵਲੋਂ ਚੋਣਾਂ ਤੋਂ ਪਹਿਲਾਂ ਸਾਬਕਾ ਪ੍ਰਧਾਨ ਮੰਤਰੀ ਪੀ ਵੀ ਨਰਸਿਮ੍ਹਾ ਰਾਓ, ਚੌਧਰੀ ਚਰਨ ਸਿੰਘ ਅਤੇ ਖੇਤੀ ਵਿਗਿਆਨੀ ਐਸ.ਐਸ. ਸਵਾਮੀਨਾਥਨ ਨੂੰ ਭਾਰਤ ਰਤਨ ਦੇਣ ਦਾ ਐਲਾਨ ਕੀਤਾ ਹੈ। ਕੁਝ ਸਮਾਂ ਪਹਿਲਾਂ ਭਾਜਪਾ ਨੇਤਾ ਐਲ.ਕੇ. ਅਡਵਾਨੀ ਅਤੇ ਸੋਸ਼ਲਿਸਟ ਆਗੂ ਕਰਪੂਰੀ ਠਾਕੁਰ ਨੂੰ ਭਾਰਤ ਰਤਨ ਦਿੱਤਾ ਗਿਆ। ਇਸਦਾ ਮਨੋਰਥ ਸਿਆਸੀ ਲਾਹਾ ਲੈਣਾ ਸਮਝਿਆ ਜਾ ਰਿਹਾ ਹੈ।

ਹੁਣ ਜਦੋਂ ਦੇਸ਼ ਦੀ ਹਾਕਮ ਧਿਰ ਨੇ ਨਰੇਂਦਰ ਮੋਦੀ ਨੂੰ ਹੀਰੋ ਬਣਾਕੇ ਪੇਸ਼ ਕੀਤਾ ਹੈ, ਅਤੇ ਉਸ ਵਲੋਂ ਅਤੇ ਉਸਦੀ ਪਾਰਟੀ ਵਲੋਂ ਧਰਮ ਦੇ ਨਾਮ ਤੇ ਧਰੁਵੀਕਰਨ ਦੀ ਨੀਤੀ ਤਹਿਤ ਦੇਸ਼ ਵਿੱਚ ਇੱਕ ਅਜੀਬ ਕਿਸਮ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ ਤਾਂ ਦੇਸ਼ ਦੇ ਬਹੁਤੇ ਰਾਜ ਨੇਤਾ, ਰਾਜਨੀਤਕ ਪੰਡਿਤ, ਸਰਵੇਖਣ ਕਰਨ ਵਾਲੇ, ਸਾਰੇ ਇਹ ਕਹਿਣ ਲੱਗ ਪਏ ਹਨ ਕਿ ਨਰੇਂਦਰ ਮੋਦੀ ਨੂੰ ਹਰਾਉਣਾ ਮੁਸ਼ਕਿਲ ਨਹੀਂ, ਨਾਮੁਮਕਿਨ ਹੈ।

ਪਰ 2004 ਦੀਆਂ ਚੋਣਾਂ ਵੱਲ ਜੇਕਰ ਝਾਤੀ ਮਾਰੀਏ ਤਾਂ ਉਸ ਵੇਲੇ ਵੀ ਸਥਿਤੀ ਇਹੋ ਜਿਹੀ ਸੀ ਕਿ ਅਟਲ ਬਿਹਾਰੀ ਵਾਜਪਾਈ (ਭਾਜਪਾ) ਨੂੰ ਸੋਨੀਆ ਗਾਂਧੀ (ਕਾਂਗਰਸ) ਹਰਾ ਨਹੀਂ ਸਕੇਗੀ। ਪਰ ਜਦੋਂ ਨਤੀਜਾ ਨਿਕਲਿਆ ਤਾਂ ਸਾਰੇ ਹੈਰਾਨ ਰਹਿ ਗਏ। ਚੋਣਾਂ ਵਿੱਚ ਬਹੁਤੀ ਵੇਰ ਹੈਰਾਨ ਕੁੰਨ ਨਤੀਜੇ ਵੇਖਣ ਨੂੰ ਮਿਲਦੇ ਹਨ।

ਦੇਸ਼ ਦੇ ਲੋਕ ਧਾਰਮਿਕ ਸੰਕੀਰਨਤਾ, ਦੇਸ਼ ਦੇ ਸੰਵਿਧਾਨ ਦੇ ਉਲਟ ਅਤੇ ਦੇਸ਼ ਨੂੰ ਧੰਨ ਕੁਬੇਰਾਂ ਦੇ ਹੱਥ ਸੌਂਪਣ ਦੀਆਂ ਕਾਰਵਾਈਆਂ ਤੋਂ ਅੱਕੇ-ਥੱਕੇ ਆਪਣੇ ਨਾਲ ਹੋ ਰਹੀਂ ਬੇਇਨਸਾਫੀ, ਸਿਆਸੀ ਚਾਲਾਂ ਅਤੇ ਘਾਲੇ ਮਾਲਿਆਂ ਨੂੰ ਸਮਝਕੇ ਹੀ ਆਪਣੀ ਅਗਲੀ ਸਰਕਾਰ ਚੁਣਨ ਨੂੰ ਤਰਜ਼ੀਹ ਦੇਣਗੇ।

# ਵੀਡੀਓ ਸੰਪਾਦਕ ਦੇ ਕਰੀਅਰ ਵਿੱਚ ਸਕੋਪ ਅਤੇ ਮੌਕੇ

-ਵਿਜੈ ਗਰਗ-

ਵੀਡੀਓ ਐਡੀਟਰ (ਫਿਲਮ ਵੀਡੀਓ ਐਡੀਟਰ) ਫਿਲਮ ਅਤੇ ਹੋਰ ਵਿਜ਼ੂਅਲ ਮੀਡੀਆ ਬਣਾਉਣ ਵਾਲੀ ਟੀਮ ਦਾ ਇੱਕ ਬਹੁਤ ਹੀ ਮਹੱਤਵਪੂਰਨ ਪੇਸ਼ੇਵਰ ਹੈ। ਉਹ ਕਿਸੇ ਵੀ ਆਡੀਓ-ਵਿਜ਼ੂਅਲ ਮੀਡੀਆ ਵਿੱਚ ਪੋਸਟ-ਪ੍ਰੋਡਕਸ਼ਨ ਦੇ ਕੰਮ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਉਹ ਕੇਬਲ ਅਤੇ ਪ੍ਰਸਾਰਣ ਵਿਜ਼ੂਅਲ ਮੀਡੀਆ ਉਦਯੋਗ ਦੇ ਨਾਲ ਮੋਸ਼ਨ ਪਿਕਚਰਾਂ ਲਈ ਸਾਉਂਡਟ੍ਰੈਕ, ਫਿਲਮ ਅਤੇ ਵੀਡੀਓ ਦੇ ਸੰਪਾਦਨ ਲਈ ਜ਼ੁੰਮੇਵਾਰ ਹੈ। ਪ੍ਰੋਫੈਸ਼ਨਲ ਵੀਡੀਓ ਐਡੀਟਰ ਦੀ ਨੌਕਰੀ ਪ੍ਰੋਫਾਈਲ ਵਿੱਚ ਵੱਖ-ਵੱਖ ਸਰੋਤਾਂ ਤੋਂ ਲਏ ਗਏ ਵੀਡੀਓ ਫੁਟੇਜ ਦੇ ਹਿੱਸਿਆਂ ਦੀ ਚੋਣ, ਪੁਨਰ-ਪ੍ਰਬੰਧ ਅਤੇ ਸੋਧ ਸ਼ਾਮਲ ਹੈ। ਵੀਡੀਓ ਸੰਪਾਦਕ ਉਹ ਟੈਕਨੀਸ਼ੀਅਨ ਹਨ ਜੋ ਨਿਰਦੇਸ਼ਕ ਦੀ ਅਗਵਾਈ ਹੇਠ ਵੀਡੀਓ ਨੂੰ ਸ਼ੁੱਧ ਕਰਨ ਅਤੇ ਇਸਨੂੰ ਸਾਰਥਕ ਬਣਾਉਣ ਦਾ ਕੰਮ ਕਰਦੇ ਹਨ। ਉਸਨੂੰ ਸ਼ੂਟ ਕੀਤੇ ਗਏ ਦ੍ਰਿਸ਼ਾਂ ਨੂੰ ਮੁੜ ਵਿਵਸਥਿਤ ਕਰਨਾ, ਸੰਗੀਤ, ਧੁਨੀ ਸ਼ਾਮਲ ਕਰਨਾ ਅਤੇ ਵਿਸ਼ੇਸ਼ ਪ੍ਰਭਾਵ ਜੋੜਨਾ ਚਾਹੀਦਾ ਹੈ। ਕੁਸ਼ਲ ਟੈਕਨੀਸ਼ੀਅਨ ਹੋਣ ਦੇ ਨਾਤੇ ਉਸਦੀ ਭੂਮਿਕਾ ਉਪਲਬਧ ਵਿਜ਼ੂਅਲ ਮੀਡੀਆ ਨੂੰ ਵਧੇਰੇ ਸ਼ੁੱਧ ਅਤੇ ਅਰਥਪੂਰਨ ਬਣਾਉਣਾ ਹੈ ਇਸ ਲਈ ਉਸਨੂੰ ਨਿਰਦੇਸ਼ਕ ਫੈਸਲੇ ਲੈਣ ਦੀ ਜ਼ਰੂਰਤ ਨਹੀਂ ਹੈ, ਜਿਵੇਂ ਕਿ ਅਦਾਕਾਰੀ ਦੀ ਗੁਣਵੱਤਾ ਜਾਂ ਫਿਲਮ/ਫਿਲਮ ਵਿੱਚ ਕਿਸੇ ਦ੍ਰਿਸ਼ ਦੀ ਉਪਯੋਗਤਾ ਆਦਿ ਨੂੰ ਨਿਰਧਾਰਤ ਕਰਨ ਲਈ ਉਸਨੂੰ ਵਰਤਣਾ ਪੈਂਦਾ ਹੈ। ਨਿਰਦੇਸ਼ਕ ਦੀ ਸੰਤੁਸ਼ਟੀ ਲਈ ਉਹਨਾਂ ਦੇ ਤਕਨੀਕੀ ਹੁਨਰ। ਇਹ ਇੱਕ ਵੀਡੀਓ ਸੰਪਾਦਕ ਦਾ ਕਰੀਅਰ ਦਿਲਚਸਪ ਹੋਣ ਦੇ ਨਾਲ-ਨਾਲ ਇਸ ਅਰਥ ਵਿੱਚ ਚੁਣੌਤੀਪੂਰਨ ਵੀ ਬਣਾਉਂਦਾ ਹੈ ਕਿ ਉਸਨੂੰ ਨਿਰਦੇਸ਼ਕ ਦੀ ਸੰਤੁਸ਼ਟੀ ਲਈ ਆਪਣੇ ਹੁਨਰ ਦੀ ਵਰਤੋਂ ਕਰਨੀ ਪੈਂਦੀ ਹੈ। ਵੀਡੀਓ ਸੰਪਾਦਕ ਯੋਗਤਾ ਵੀਡੀਓ ਸੰਪਾਦਨ ਵਿੱਚ ਆਪਣਾ ਕਰੀਅਰ ਬਣਾਉਣ ਲਈ, ਕਿਸੇ ਨੂੰ ਕਿਸੇ ਵਿਸ਼ੇਸ਼ ਵਿਦਿਅਕ ਯੋਗਤਾ ਦੀ ਲੋੜ ਨਹੀਂ ਹੁੰਦੀ ਹੈ। ਵਾਸਤਵ ਵਿੱਚ, ਕਾਫ਼ੀ ਚੰਗੀ ਰਚਨਾਤਮਕਤਾ ਅਤੇ ਬਹੁਤ ਸਾਰੀ ਕਲਪਨਾ ਵਾਲਾ ਕੋਈ ਵੀ ਵੀਡੀਓ ਸੰਪਾਦਨ ਦੇ ਖੇਤਰ ਵਿੱਚ ਦਾਖਲ ਹੋ ਸਕਦਾ ਹੈ. ਹਾਲਾਂਕਿ ਇੱਕ ਚੰਗੀ ਸੰਸਥਾ ਵਿੱਚ ਕੰਮ ਕਰਨ ਦੇ ਯੋਗ ਹੋਣਾ ਅਤੇ ਦੂਜੇ ਉਮੀਦਵਾਰਾਂ ਨਾਲੋਂ ਇੱਕ ਕਿਨਾਰਾ ਪ੍ਰਾਪਤ ਕਰਨਾ ਕੁਝ ਹੇਠਾਂ ਦਿੱਤੇ ਸਿਖਲਾਈ ਕੋਰਸ ਇੱਕ ਵਾਧੂ ਫਾਇਦਾ ਹੋ ਸਕਦਾ ਹੈ। ਵੀਡੀਓ ਸੰਪਾਦਕ ਲੋੜੀਂਦੇ ਹੁਨਰ ਵੀਡੀਓ ਸੰਪਾਦਨ ਵਿੱਚ ਆਪਣਾ ਕਰੀਅਰ ਬਣਾਉਣ ਲਈ ਚਾਹਵਾਨ ਉਮੀਦਵਾਰਾਂ ਨੂੰ ਇਸ ਸੰਭਾਵੀ ਪਰ ਮੁਕਾਬਲੇ ਵਾਲੇ ਖੇਤਰ ਵਿੱਚ ਸਭ ਤੋਂ ਵਧੀਆ ਬਣਨ ਲਈ ਕਾਫ਼ੀ ਕਲਪਨਾਸ਼ੀਲ ਹੋਣ ਦੇ ਨਾਲ-ਨਾਲ ਪ੍ਰਤੀਯੋਗੀ ਵੀ ਹੋਣਾ ਚਾਹੀਦਾ ਹੈ। ਉਹਨਾਂ ਨੂੰ ਕੰਪਿਊਟਰ ਨਾਲ ਸਬੰਧਤ ਸਾਫਟਵੇਅਰਾਂ ਦੀ ਵੀ ਚੰਗੀ ਜਾਣਕਾਰੀ ਹੈ ਕਿਉਂਕਿ ਅੱਜਕੱਲ੍ਹ ਜ਼ਿਆਦਾਤਰ ਸੰਪਾਦਨ ਅਜਿਹੇ ਸਾਫਟਵੇਅਰਾਂ 'ਤੇ ਕੀਤੇ ਜਾ ਰਹੇ ਹਨ। ਜ਼ਿਆਦਾਤਰ ਫਿਲਮ ਸੰਪਾਦਕ ਫਿਲਮ ਨੂੰ ਸੰਪਾਦਿਤ ਕਰਨ ਲਈ ਕੰਪਿਊਟਰ ਜਾਂ ਗੈਰ-ਲੀਨੀਅਰ ਡਿਜੀਟਲ ਸੰਪਾਦਨ ਪ੍ਰਣਾਲੀਆਂ ਦੀ ਵਰਤੋਂ ਕਰਦੇ ਹਨ ਜਦੋਂ ਕਿ ਟੈਲੀਵਿਜ਼ਨ ਫਿਲਮਾਂ ਨਾਲ ਕੰਮ ਕਰਨ ਵਾਲੇ ਕੰਪਿਊਟਰ ਸੌਫਟਵੇਅਰ ਅਤੇ ਨਾਨਲਾਈਨਰ ਡਿਜੀਟਲ ਸੰਪਾਦਨ ਪ੍ਰਣਾਲੀਆਂ ਦੀ ਵਰਤੋਂ ਵਪਾਰਕ, ਸਟੇਸ਼ਨ ਪਛਾਣ, ਅਤੇ ਟੈਲੀਵਿਜ਼ਨ ਫਿਲਮਾਂ ਅਤੇ ਟੇਪਾਂ 'ਤੇ ਜਨਤਕ ਸੇਵਾ ਸੰਦੇਸ਼ਾਂ ਲਈ ਫਿਲਮ ਨੂੰ ਸੰਪਾਦਿਤ ਕਰਨ ਲਈ ਕਰਦੇ ਹਨ। ਉਹਨਾਂ ਕੋਲ ਵੇਰਵੇ ਲਈ ਡੂੰਘੀ ਨਜ਼ਰ ਅਤੇ ਇੱਕ ਆਲੋਚਨਾਤਮਕ ਦਿਮਾਗ ਹੋਣਾ ਚਾਹੀਦਾ ਹੈ; ਰਚਨਾਤਮਕਤਾ; ਧੀਰਜ ਅਤੇ ਇਕਾਗਰਤਾ; ਦੂਜਿਆਂ ਨੂੰ ਸੁਣਨ ਅਤੇ ਟੀਮ ਦੇ ਹਿੱਸੇ ਵਜੋਂ ਚੰਗੀ ਤਰ੍ਹਾਂ ਕੰਮ ਕਰਨ ਦੀ ਯੋਗਤਾ। ਉਮੀਦਵਾਰਾਂ ਕੋਲ ਸਵੈ-ਪ੍ਰੇਰਣਾ, ਵਚਨਬੱਧਤਾ ਅਤੇ ਸਮਰਪਣ ਦਾ ਉੱਚ ਪੱਧਰ ਹੋਣਾ ਚਾਹੀਦਾ ਹੈ; ਸੰਗਠਨਾਤਮਕ ਅਤੇ ਸਮਾਂ ਪ੍ਰਬੰਧਨ ਹੁਨਰ; ਦਬਾਅ ਹੇਠ ਕੰਮ ਕਰਨ ਦੀ ਯੋਗਤਾ ਅਤੇ ਸਮਾਂ ਸੀਮਾਵਾਂ ਲਈ; ਸੰਚਾਰ ਹੁਨਰ, ਲਿਖਤੀ ਅਤੇ ਮੌਖਿਕ ਦੋਵੇਂ। ਵੀਡੀਓ ਐਡੀਟਰ ਨੂੰ ਇੱਕ ਚੰਗਾ ਸਮਾਂ ਪ੍ਰਬੰਧਕ ਹੋਣਾ ਚਾਹੀਦਾ ਹੈ ਜਿਵੇਂ ਕਿ ਆਪਣੇ ਸਮੇਂ



ਅਤੇ ਦੂਜਿਆਂ ਦੇ ਸਮੇਂ ਦਾ ਪ੍ਰਬੰਧਨ ਕਰਨਾ। ਵੀਡੀਓ ਐਡੀਟਰ ਕਿਵੇਂ ਬਣਨਾ ਹੈ? ਇੱਕ ਸਫਲ ਵੀਡੀਓ ਸੰਪਾਦਕ ਬਣਨ ਲਈ ਚਾਹਵਾਨ ਉਮੀਦਵਾਰਾਂ ਨੂੰ ਦਿੱਤੇ ਗਏ ਕਦਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ: ਕਦਮ 1 ਸਬੰਧਤ ਵਿਸ਼ਿਆਂ ਵਿੱਚ ਤਰਜੀਹੀ ਤੌਰ 'ਤੇ 12 ਕਲਾਸ ਪਾਸ ਕਰਨ ਤੋਂ ਬਾਅਦ ਚਾਹਵਾਨ ਉਮੀਦਵਾਰ 1 ਜਾਂ 2-ਸਾਲ ਦੀ ਮਿਆਦ ਦੇ ਸਰਟੀਫਿਕੇਟ ਕੋਰਸ ਜਾਂ ਡਿਪਲੋਮਾ ਕੋਰਸ ਜਾਂ 1 ਤੋਂ 3 ਸਾਲ ਦੀ ਮਿਆਦ ਜਾਂ 3 ਸਾਲਾਂ ਦੇ ਕੋਰਸ ਵਿੱਚ ਦਾਖਲਾ ਲੈ ਸਕਦੇ ਹਨ। ਕੁਝ ਕੋਰਸ ਹਨ: ਸਰਟੀਫਿਕੇਟ ਕੋਰਸ ਡਿਜੀਟਲ ਐਡੀਟਿੰਗ ਵਿੱਚ ਸਰਟੀਫਿਕੇਟ ਕੋਰਸ ਗੈਰ-ਲੀਨੀਅਰ ਸੰਪਾਦਨ ਵਿੱਚ ਸਰਟੀਫਿਕੇਟ ਕੋਰਸ ਮੀਡੀਆ ਕੰਪੋਜ਼ਰ ਦੇ ਨਾਲ ਪ੍ਰੋਫੈਸ਼ਨਲ ਵੀਡੀਓ ਐਡੀਟਿੰਗ ਵਿੱਚ ਸਰਟੀਫਿਕੇਟ ਕੋਰਸ ਫਾਈਨਲ ਕਟ ਪ੍ਰੋ ਦੇ ਨਾਲ ਪ੍ਰੋਫੈਸ਼ਨਲ ਵੀਡੀਓ ਐਡੀਟਿੰਗ ਵਿੱਚ ਸਰਟੀਫਿਕੇਟ ਕੋਰਸ। ਵੀਡੀਓ ਐਡੀਟਿੰਗ ਵਿੱਚ ਸਰਟੀਫਿਕੇਟ ਕੋਰਸ ਡਿਪਲੋਮਾ ਕੋਰਸ ਫਿਲਮ ਸੰਪਾਦਨ ਵਿੱਚ ਡਿਪਲੋਮਾ ਵੀਡੀਓ ਵਿੱਚ ਡਿਪਲੋਮਾਸੰਪਾਦਨ ਵੀਡੀਓ ਐਡੀਟਿੰਗ ਅਤੇ ਸਾਊਂਡ ਰਿਕਾਰਡਿੰਗ ਵਿੱਚ ਡਿਪਲੋਮਾ ਕੋਰਸ ਬੀ.ਏ. (ਵੀਡੀਓ ਐਡੀਟਿੰਗ ਅਤੇ ਵੀਡੀਓਗ੍ਰਾਫੀ) ਕਦਮ 2 ਵੱਖ-ਵੱਖ ਅਵਧੀ ਦੇ ਇਹਨਾਂ ਕੋਰਸਾਂ ਵਿੱਚੋਂ ਇੱਕ ਜਾਂ ਵੱਧ ਨੂੰ ਪੂਰਾ ਕਰਨ ਤੋਂ ਬਾਅਦ ਜਿੱਥੇ ਕਿਸੇ ਨੂੰ ਵੀਡੀਓ ਸੰਪਾਦਨ ਖੇਤਰ ਦੇ ਸਾਰੇ ਪ੍ਰਮੁੱਖ ਪਹਿਲੂਆਂ ਵਿੱਚੋਂ ਲੰਘਣਾ ਪੈਂਦਾ ਹੈ, ਚਾਹਵਾਨ ਉਮੀਦਵਾਰ ਮੀਡੀਆ ਅਤੇ ਫਿਲਮ ਉਦਯੋਗ ਵਿੱਚ ਉੱਚ ਪੱਧਰ 'ਤੇ ਸ਼ਾਮਲ ਹੋ ਸਕਦਾ ਹੈ। ਹਾਲਾਂਕਿ, ਕਿਸੇ ਵੀ ਸਟ੍ਰੀਮ ਵਿੱਚ ਡਿਗਰੀ ਵਾਲੇ ਉਮੀਦਵਾਰ ਖੇਤਰ ਵਿੱਚ ਸ਼ਾਮਲ ਹੋਣ ਲਈ ਸਬੰਧਤ 1 ਜਾਂ 2 ਸਾਲਾਂ ਦੇ ਪੀਜੀ ਕੋਰਸਾਂ ਲਈ ਜਾ ਸਕਦੇ ਹਨ। ਪੋਸਟ ਗ੍ਰੈਜੂਏਟ ਕੋਰਸ ਵੀਡੀਓ ਐਡੀਟਿੰਗ ਵਿੱਚ ਪੋਸਟ ਗ੍ਰੈਜੂਏਟ ਸਰਟੀਫਿਕੇਟ ਕੋਰਸ ਸੰਪਾਦਨ ਵਿੱਚ ਪੋਸਟ ਗ੍ਰੈਜੂਏਟ ਡਿਪਲੋਮਾ ਕੋਰਸ ਪੋਸਟ ਪ੍ਰੋਡਕਸ਼ਨ (ਸੰਪਾਦਨ) ਵਿੱਚ ਪੋਸਟ ਗ੍ਰੈਜੂਏਟ ਡਿਪਲੋਮਾ ਮਾਸਟਰ ਦੇ ਕੋਰਸ . (ਵੀਡੀਓ ਐਡੀਟਿੰਗ ਅਤੇ ਵੀਡੀਓਗ੍ਰਾਫੀ) ਵੀਡੀਓ ਸੰਪਾਦਕ ਲਈ ਕੋਰਸ ਪੇਸ਼ ਕਰਨ ਵਾਲੀਆਂ ਸੰਸਥਾਵਾਂ ਇੰਡੀਅਨ ਇੰਸਟੀਚਿਊਟ ਆਫ ਮਾਸ ਕਮਿਊਨੀਕੇਸ਼ਨ, ਨਵੀਂ ਦਿੱਲੀ ਤੇਜਪੁਰ ਯੂਨੀਵਰਸਿਟੀ, ਤੇਜਪੁਰ (ਅਸਾਮ) ਜਾਮੀਆ ਮਿਲੀਆ ਇਸਲਾਮੀਆ, ਨਵੀਂ ਦਿੱਲੀ ਫਾਰਚਿਊਨ ਇੰਸਟੀਚਿਊਟ ਆਫ ਕਮਿਊਨੀਕੇਸ਼ਨ ਐਂਡ ਟੈਲੀਵਿਜ਼ਨ, ਨਵੀਂ ਦਿੱਲੀ ਵੀਡੀਓ ਸੰਪਾਦਕ ਨੌਕਰੀ ਦਾ ਵੇਰਵਾ ਵੀਡੀਓ ਸੰਪਾਦਕ ਨੌਕਰੀ ਦੇ ਵਰਣਨ ਵਿੱਚ ਕੇਬਲ ਅਤੇ ਪ੍ਰਸਾਰਣ ਵਿਜ਼ੂਅਲ ਮੀਡੀਆ ਉਦਯੋਗ ਦੇ ਨਾਲ ਮੋਸ਼ਨ ਪਿਕਚਰ ਲਈ ਸਾਉਂਡਟਰੈਕ, ਫਿਲਮ ਅਤੇ ਵੀਡੀਓ ਦਾ ਸੰਪਾਦਨ ਸ਼ਾਮਲ ਹੈ। ਉਹ ਵੱਖ-ਵੱਖ ਸਰੋਤਾਂ ਤੋਂ ਲਏ ਗਏ ਵੀਡੀਓ ਫੁਟੇਜ ਦੇ ਹਿੱਸਿਆਂ ਦੀ ਚੋਣ, ਪੁਨਰ-ਪ੍ਰਬੰਧ ਅਤੇ ਸੋਧ ਲਈ ਜ਼ੁੰਮੇਵਾਰ ਹਨ। ਵੀਡੀਓ ਸੰਪਾਦਕ ਦੇ ਕੰਮ ਵਿੱਚ ਨਿਰਦੇਸ਼ਕ ਦੀ ਅਗਵਾਈ ਵਿੱਚ ਵੀਡੀਓ ਨੂੰ ਸ਼ੁੱਧ ਕਰਨਾ ਅਤੇ ਇਸਨੂੰ ਸਾਰਥਕ ਬਣਾਉਣਾ ਵੀ ਸ਼ਾਮਲ ਹੈ। ਉਹ ਸ਼ੂਟ ਕੀਤੇ ਗਏ ਦ੍ਰਿਸ਼ਾਂ ਨੂੰ ਪੁਨਰ ਵਿਵਸਥਿਤ ਕਰਦਾ ਹੈ, ਸੰਗੀਤ, ਧੁਨੀ ਸ਼ਾਮਲ ਕਰਦਾ ਹੈ ਅਤੇ ਵਿਸ਼ੇਸ਼ ਪ੍ਰਭਾਵ ਜੋੜਦਾ ਹੈ। ਵੀਡੀਓ ਸੰਪਾਦਕ ਦੀ ਨੌਕਰੀ ਵਿੱਚ ਉਪਲਬਧ ਵਿਜ਼ੂਅਲ ਮੀਡੀਆ ਨੂੰ ਵਧੇਰੇ ਸ਼ੁੱਧ ਅਤੇ ਅਰਥਪੂਰਨ ਬਣਾਉਣਾ ਵੀ ਸ਼ਾਮਲ ਹੈ। ਵੀਡੀਓ ਸੰਪਾਦਕ ਦੇ ਕਰੀਅਰ ਦੀਆਂ ਸੰਭਾਵਨਾਵਾਂ ਇੱਕ ਖੇਤਰ ਦੇ ਰੂਪ ਵਿੱਚ ਵੀਡੀਓ ਸੰਪਾਦਨ ਵਿੱਚ ਨੌਕਰੀ ਦੀਆਂ ਸੰਭਾਵਨਾਵਾਂ ਚੰਗੇ ਅਤੇ ਤਕਨੀਕੀ ਤੌਰ 'ਤੇ ਬਹੁਤ ਵਧੀਆ ਵੀਡੀਓ ਸੰਪਾਦਕਾਂ ਦੀ ਮੰਗ ਦੇ ਨਾਲ ਇੱਕ ਤੇਜ਼ ਰਫ਼ਤਾਰ ਨਾਲ ਵਧ ਰਹੀਆਂ ਹਨ। ਇਸ ਕੈਰੀਅਰ ਬਾਰੇ ਵਧੇਰੇ ਉਤਸ਼ਾਹਜਨਕ ਇਹ ਹੈ ਕਿ ਮੰਗ ਕਿਸੇ ਖਾਸ ਹਿੱਸੇ ਤੱਕ ਸੀਮਤ ਨਹੀਂ ਹੈ, ਸਗੋਂ ਕਲਾ ਡਿਜ਼ਾਈਨਿੰਗ ਤੋਂ ਲੈ ਕੇ ਵੀਡੀਓਗ੍ਰਾਫੀ ਦੇ ਉਤਪਾਦਨ ਤੱਕ ਕੰਮ ਵਿਭਿੰਨ ਹੈ। ਪੇਸ਼ੇਵਰ ਵੀਡੀਓ ਸੰਪਾਦਕ ਟੈਲੀਵਿਜ਼ਨ ਕੇਂਦਰਾਂ, ਨਿਊਜ਼ ਚੈਨਲਾਂ, ਫਿਲਮ ਅਤੇ ਸੰਗੀਤ ਵੀਡੀਓ ਉਦਯੋਗਾਂ, ਵਿਗਿਆਪਨ ਏਜੰਸੀਆਂ, ਮਲਟੀਮੀਡੀਆ ਅਤੇ ਵੈਬ ਡਿਜ਼ਾਈਨ ਕੰਪਨੀਆਂ ਅਤੇ ਇੰਟਰਨੈਟ ਪੋਰਟਲਾਂ ਵਿੱਚ ਪਲੇਸਮੈਂਟ ਲੱਭ ਸਕਦੇ ਹਨ। ਖੇਤਰ ਵਿੱਚ ਇੱਕ ਨਵੇਂ ਡੋਮੇਨ ਦੇ ਉਭਰਨ ਨਾਲ ਜਿਵੇਂ ਕਿ ਵੈੱਬਸਾਈਟਾਂ 'ਤੇ ਸੰਗੀਤ ਅਤੇ ਵੀਡੀਓ ਕਲਿੱਪਸ ਨੇ ਇਹਨਾਂ ਪੇਸ਼ੇਵਰਾਂ ਲਈ ਰੁਜ਼ਗਾਰ ਦੇ ਦਾਇਰੇ ਨੂੰ ਕਾਫੀ ਹੱਦ ਤੱਕ ਵਧਾ ਦਿੱਤਾ ਹੈ। ਸੰਗਠਿਤ ਖੇਤਰ ਤੋਂ ਇਲਾਵਾ ਫ੍ਰੀਲਾਂਸ ਵੀਡੀਓ ਸੰਪਾਦਨ ਦੀਆਂ ਨੌਕਰੀਆਂ ਵੀ ਉਭਰਦੇ ਵੀਡੀਓ ਸੰਪਾਦਕਾਂ ਲਈ ਉਪਲਬਧ ਹਨ ਜੋ ਪਾਰਟ-ਟਾਈਮ ਆਧਾਰ 'ਤੇ ਇਸ ਪੇਸ਼ੇ ਦੀ ਚੋਣ ਕਰਨਾ ਚਾਹੁੰਦੇ ਹਨ। ਇਸ ਤਰ੍ਹਾਂ ਇੱਕ ਚੰਗਾ ਵੀਡੀਓ ਸੰਪਾਦਕ ਵਿਸ਼ਵ ਜੌਬ ਮਾਰਕੀਟ ਤੱਕ ਪਹੁੰਚ ਕਰ ਸਕਦਾ ਹੈ ਅਤੇ ਕਈ ਤਰ੍ਹਾਂ ਦੀਆਂ ਵੀਡੀਓ ਸੰਪਾਦਨਾਂ ਜਿਵੇਂ ਕਿ ਔਨਲਾਈਨ ਵੀਡੀਓ ਸੰਪਾਦਨ, ਔਫਲਾਈਨ ਵੀਡੀਓ ਸੰਪਾਦਨ, ਵਿਸ਼ੇਸ਼ ਦੇ ਨਾਲ ਨਾਲ ਚਿੱਤਰ ਕਲੀਨਅੱਪ ਅਤੇ ਰੰਗ ਸੁਧਾਰ ਕਰਨ ਲਈ ਕੁਝ ਨਾਮ ਅਤੇ ਉਹ ਵੀ ਆਪਣੇ ਆਰਾਮ ਦੇ ਸਮੇਂ ਵਿੱਚ ਕਰ ਸਕਦਾ ਹੈ। ਵੀਡੀਓ ਸੰਪਾਦਕ ਦੀ ਤਨਖਾਹ ਟੀਵੀ, ਮੂਵੀ ਵਰਗੇ ਮਾਸ ਮੀਡੀਆ ਦੇ ਹਰ ਖੇਤਰ ਵਿੱਚ ਆਡੀਓ-ਵਿਜ਼ੂਅਲ ਮੀਡੀਆ ਦੇ ਵਾਧੇ ਦੇ ਨਾਲ ਅਤੇ ਸਭ ਤੋਂ ਵੱਧ ਇੰਟਰਨੈੱਟ/ਵੈੱਬ ਵੀਡੀਓ ਸੰਪਾਦਕਾਂ ਦੀ ਅੱਜ ਕੱਲ੍ਹ ਬਹੁਤ ਜ਼ਿਆਦਾ ਮੰਗ ਹੈ। ਸ਼ੁਰੂਆਤ ਕਰਨ ਵਾਲੇ 20,000 ਰੁਪਏ ਤੋਂ 25,000 ਰੁਪਏ ਪ੍ਰਤੀ ਮਹੀਨਾ ਕਮਾ ਸਕਦੇ ਹਨ। ਕੁਝ ਤਜਰਬੇ ਅਤੇ ਵਿਹਾਰਕ ਕੰਮ ਦੇ ਐਕਸਪੋਜਰ ਤੋਂ ਬਾਅਦ, ਕੋਈ ਵੀ ਪ੍ਰਤੀ ਮਹੀਨਾ ਜਾਂ ਪ੍ਰਤੀ ਅਸਾਈਨਮੈਂਟ ਵੱਧ ਤੋਂ ਵੱਧ 50,000 ਰੁਪਏ ਦੀ ਮੰਗ ਕਰ ਸਕਦਾ ਹੈ। ਵੀਡੀਓ ਸੰਪਾਦਕ ਲਈ ਕੋਰਸ ਬੈਚਲਰ ਆਫ਼ ਫਿਲਮ ਐਂਡ ਟੈਲੀਵਿਜ਼ਨ ਤਕਨਾਲੋਜੀ (ਐਡੀਟਿੰਗ) ਟੀਵੀ ਅਤੇ ਵੀਡੀਓ ਉਤਪਾਦਨ ਵਿੱਚ ਐਡਵਾਂਸਡ ਡਿਪਲੋਮਾ ਫਿਲਮ ਸੰਪਾਦਨ ਅਤੇ ਟੈਲੀਵਿਜ਼ਨ ਉਤਪਾਦਨ ਵਿੱਚ ਡਿਪਲੋਮਾ ਵੀਡੀਓ ਉਤਪਾਦਨ ਵਿੱਚ ਸਰਟੀਫਿਕੇਟ ਕੋਰਸ ਵੀਡੀਓ ਐਡੀਟਿੰਗ ਵਿੱਚ ਪੋਸਟ ਗ੍ਰੈਜੂਏਟ ਸਰਟੀਫਿਕੇਟ ਕੋਰਸ

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ੳ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Tes
* Notary Services
* International Driver Lic.
Lic. 600094

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

The Mortgage Centre
We work for you, not the lenders.




Debt Consolidation
Renovations & Repairs
Avoiding High penalities

No Credit or becon score check.
No income verifiaction.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:
Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
The Mortgage Centre -4040 Steeles Avenue West Unit#5 Woodbridge, ON, L4L 4Y5

Rexdale Financial Services

# ਪੰਜਾਬ ਨੂੰ ਖੇਡ ਨਕਸ਼ੇ ਉਤੇ ਉਭਾਰਨ ਵਿੱਚ ਅਹਿਮ ਰੋਲ ਨਿਭਾਉਣਗੀਆਂ ਨਵੀਆਂ ਖੇਡ ਨਰਸਰੀਆਂ : ਮੀਤ ਹੇਅਰ

## ਖੇਡ ਨਰਸਰੀਆਂ ਲਈ 21 ਸੁਪਰਵਾਈਜ਼ਰ ਤੇ 205 ਕੋਚਾਂ ਦੀ ਭਰਤੀ ਲਈ 25 ਫਰਵਰੀ ਤੱਕ ਅਰਜ਼ੀਆਂ ਮੰਗੀਆਂ

ਚੰਡੀਗੜ੍ਹ, 13 ਫਰਵਰੀ (ਗਿਆਨ ਸਿੰਘ): ਪੰਜਾਬ ਨੂੰ ਖੇਡ ਨਕਸ਼ੇ ਉਤੇ ਮੁੜ ਉਭਾਰਨ ਵਿੱਚ ਸੂਬੇ ਵਿੱਚ ਸਥਾਪਤ ਹੋਣ ਜਾ ਰਹੀਆਂ ਨਵੀਆਂ ਖੇਡ ਨਰਸਰੀਆਂ ਅਹਿਮ ਰੋਲ ਨਿਭਾਉਣਗੀਆਂ। ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਵੱਲੋਂ ਬਣਾਈ ਗਈ ਨਵੀਂ ਖੇਡ ਨੀਤੀ ਤਹਿਤ ਬਣਨ ਵਾਲੀਆਂ 1000 ਨਰਸਰੀਆਂ ਨੂੰ ਸਥਾਪਤ ਕਰਨ ਦਾ ਕੰਮ ਸ਼ੁਰੂ ਹੋ ਗਿਆ ਹੈ।

ਇਹ ਜਾਣਕਾਰੀ ਦਿੰਦਿਆਂ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਦੱਸਿਆ ਕਿ 1000 ਖੇਡ ਨਰਸਰੀਆਂ ਵਿੱਚੋਂ 205 ਖੇਡ ਨਰਸਰੀਆਂ ਪਹਿਲੇ ਪੜਾਅ ਵਿੱਚ ਸਥਾਪਤ ਕੀਤੀਆਂ ਜਾਣ ਵਾਲੀਆਂ ਹਨ। 14 ਖੇਡਾਂ ਦੀਆਂ 205 ਨਰਸਰੀਆਂ ਲਈ 21 ਸੁਪਰਵਾਈਜ਼ਰਾਂ ਅਤੇ 205 ਕੋਚਾਂ ਦੀ ਭਰਤੀ ਲਈ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਖੇਡ ਨਰਸਰੀਆਂ ਦੀ ਸਥਾਪਨਾ ਨਾਲ ਖੇਡਾਂ ਦਾ ਪੱਧਰ ਜ਼ਮੀਨੀ ਪੱਧਰ 'ਤੇ ਉੱਚਾ ਉਠੇਗਾ। ਇਕ ਖੇਡ ਨਰਸਰੀ ਲਈ ਖੇਡ ਵਿਭਾਗ ਵੱਲੋਂ ਕੋਚ ਦੀ ਸਹੂਲਤ ਤੋਂ ਇਲਾਵਾ 60 ਖਿਡਾਰੀਆਂ ਨੂੰ 50 ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਡਾਈਟ ਦਿੱਤੀ ਜਾਵੇਗੀ।



ਖੇਡ ਮੰਤਰੀ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ 21 ਸੁਪਰਵਾਈਜ਼ਰਾਂ ਤੇ 205 ਕੋਚਾਂ ਦੀ ਭਰਤੀ ਲਈ 25 ਫਰਵਰੀ ਤੱਕ ਬਿਨੈ ਪੱਤਰ ਮੰਗੇ ਗਏ ਹਨ। ਕੋਚਾਂ ਦੇ ਵੇਰਵੇ ਦਿੰਦਿਆਂ ਉਨ੍ਹਾਂ ਦੱਸਿਆ ਕਿ 14 ਖੇਡਾਂ ਵਿੱਚੋਂ ਅਥਲੈਟਿਕਸ ਲਈ 58, ਫੁਟਬਾਲ ਲਈ 48, ਵਾਲੀਬਾਲ ਲਈ 35, ਹਾਕੀ ਲਈ 22, ਕਬੱਡੀ ਲਈ 12, ਹੈਂਡਬਾਲ ਲਈ 9, ਕੁਸ਼ਤੀ ਲਈ 7, ਖੋ ਖੋ ਤੇ ਬਾਸਕਟਬਾਲ ਲਈ 4-4, ਵੇਟਲਿਫਟਿੰਗ ਲਈ 2 ਅਤੇ ਮੁੱਕੇਬਾਜ਼ੀ, ਤਲਵਾਰਬਾਜ਼ੀ, ਕਿੱਕ ਬਾਕਸਿੰਗ ਤੇ ਨੈਟਬਾਲ ਲਈ 1-1 ਕੋਚ ਦੀ ਭਰਤੀ ਕੀਤੀ ਜਾਣੀ ਹੈ। ਉਨ੍ਹਾਂ ਕਿਹਾ ਕਿ ਅਗਲੇ ਪੜਾਅ ਵਿੱਚ ਹੋਰ ਨਰਸਰੀਆਂ ਦੀ ਸਥਾਪਨਾ ਕੀਤੀ ਜਾਵੇਗੀ ਜਿਨ੍ਹਾਂ ਵਿੱਚ ਬਾਕੀ ਰਹਿੰਦੀਆਂ ਖੇਡਾਂ ਵੀ ਸ਼ਾਮਲ ਕੀਤੀਆਂ ਜਾਣਗੀਆਂ।

ਮੀਤ ਹੇਅਰ ਨੇ ਦੱਸਿਆ ਕਿ ਨਵੀਂ ਖੇਡ ਨੀਤੀ ਦਾ ਨਿਵੇਕਲਾ ਪੱਖ ਖੇਡ ਨਰਸਰੀਆਂ ਦੀ ਸਥਾਪਨਾ ਸੀ ਜਿਸ ਨਾਲ ਹੇਠਲੇ ਪੱਧਰ ਉਤੇ ਖਿਡਾਰੀਆ ਦੀ ਪ੍ਰਤਿਭਾ ਨਿੱਖਰ ਕੇ ਸਾਹਮਣੇ ਆਵੇਗੀ। ਉਨ੍ਹਾਂ ਕਿਹਾ ਕਿ ਬਿਨੈ ਪੱਤਰ ਦੇਣ ਲਈ ਸੁਪਰਵਾਈਜ਼ਰ ਲਈ ਉਮਰ 18 ਤੋਂ 45 ਸਾਲ ਅਤੇ ਕੋਚ ਲਈ 18 ਤੋਂ 37 ਸਾਲ ਰੱਖੀ ਗਈ ਹੈ। ਸੁਪਰਵਾਈਜ਼ਰ ਨੂੰ ਉੱਕਾ ਪੁੱਕਾ 50000 ਰੁਪਏ ਪ੍ਰਤੀ ਮਹੀਨਾ ਅਤੇ ਕੋਚ ਨੂੰ 25000 ਰੁਪਏ ਪ੍ਰਤੀ ਮਹੀਨਾ ਮਿਹਨਤਾਨਾ ਦਿੱਤਾ ਜਾਵੇਗਾ। ਹੋਰ ਵਧੇਰੇ ਜਾਣਕਾਰੀ ਅਤੇ ਭਰਤੀ ਲਈ ਯੋਗਤਾ ਆਦਿ ਬਾਰੇ ਵੇਰਵੇ ਵਿਭਾਗ ਦੀ ਵੈਬਸਾਈਟ ਉਪਰ ਦੇਖੇ ਜਾ ਸਕਦੇ ਹਨ।

# ਢਿੱਲਵਾਂ ਨੇ ਸਕੂਲਾਂ ਨੂੰ ਆਧੁਨਿਕ ਸਾਧਨਾਂ ਨਾਲ ਅਪਗ੍ਰੇਡ ਕਰਨ ਲਈ 2.50 ਲੱਖ ਦੇ ਚੈਕ ਵੰਡੇ

ਚੰਡੀਗੜ੍ਹ, 13 ਫਰਵਰੀ (ਗਿਆਨ ਸਿੰਘ): ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਸਿੱਖਿਆ ਅਤੇ ਸਿਹਤ ਦੀਆਂ ਸੰਸਥਾਵਾਂ ਨੂੰ ਆਧੁਨਿਕ ਸਾਧਨਾਂ ਦੇ ਨਾਲ ਅੱਪਗ੍ਰੇਡ ਕਰਨ ਦੇ ਮਿਸ਼ਨ ਤਹਿਤ ਅੱਜ ਵਿਧਾਨ ਸਭਾ ਹਲਕਾ ਕੋਟਕਪੂਰਾ ਦੇ ਸਕੂਲਾਂ ਵਿੱਚ ਆਪਣੇ ਅਖਤਿਆਰੀ ਕੋਟੇ ਵਿਚੋਂ ਚੇਅਰਮੈਨ ਪਲਾਨਿੰਗ ਬੋਰਡ ਸੁਖਜੀਤ ਸਿੰਘ ਢਿੱਲਵਾਂ ਨੇ ਚੈੱਕ ਵੰਡੇ ।

ਉਨ੍ਹਾਂ ਸਰਕਾਰੀ ਪ੍ਰਾਇਮਰੀ ਸਕੂਲ ਕੋਠੇ ਵੜਿੰਗ 50000 ਰੁਪਏ, ਸਰਕਾਰੀ ਪ੍ਰਾਇਮਰੀ ਸਕੂਲ ਕੁੜੀਆਂ ਕੋਟਕਪੂਰਾ 50000 ਰੁਪਏ, ਸਰਕਾਰੀ ਪ੍ਰਾਇਮਰੀ ਵਾਰਡ ਨੰਬਰ 11 ਕੋਟਕਪੂਰਾ 50000 ਰੁਪਏ, ਸਰਕਾਰੀ ਪ੍ਰਾਇਮਰੀ ਸਕੂਲ ਅੱਪਗ੍ਰੇਡ ਕੋਠੇ ਵੜਿੰਗ 50000 ਰੁਪਏ, ਸਰਕਾਰੀ ਪ੍ਰਾਇਮਰੀ ਸਕੂਲ ਵਾਰਡ ਨੰਬਰ 4 ਕੋਟਕਪੂਰਾ 50000 ਰੁਪਏ ਦੇ ਚੈੱਕ ਸਕੂਲਾਂ ਵਿੱਚ ਜਾ ਕੇ ਭੇਟ ਕੀਤੇ।




ਉਨ੍ਹਾਂ ਅਧਿਆਪਕਾਂ ਤੇ ਪਿੰਡ ਵਾਸੀਆਂ ਦੇ ਨਾਲ ਸਕੂਲ ਦੇ ਬਕਾਇਆ ਕੰਮਾਂ ਸੰਬੰਧੀ ਵਿਚਾਰ ਚਰਚਾ ਕੀਤੀ ਤੇ ਇਸ ਗੱਲਬਾਤ ਦੌਰਾਨ ਸਿੱਖਿਆ ਦੇ ਮਿਆਰੀ ਪੱਧਰ ਨੂੰ ਉੱਚਾ ਚੁੱਕਣ ਦੇ ਲਈ ਪਿੰਡ ਵਾਸੀਆਂ ਤੋਂ ਬਹੁਤ ਵਧੀਆ ਸੁਝਾਅ ਪ੍ਰਾਪਤ ਵੀ ਕੀਤੇ।। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਦੀ ਸਿੱਖਿਆ ਪ੍ਰਣਾਲੀ ਨੂੰ ਸਮੁੱਚੇ ਦੇਸ਼ ਦੇ ਵਿੱਚੋਂ ਬਿਹਤਰ ਤੇ ਆਧੁਨਿਕ ਤੇ ਗੁਣਵਤਾ ਭਰਪੂਰ ਕਰਨ ਲਈ ਹਰ ਇੱਕ ਸੰਭਵ ਕੋਸ਼ਿਸ਼ ਕੀਤੀ ਜਾਵੇਗੀ ਤੇ ਜ਼ਿਲ੍ਹਾ ਫ਼ਰੀਦਕੋਟ ਦੇ ਹਰ ਇੱਕ ਸਕੂਲ ਨੂੰ ਹਰ ਤਰ੍ਹਾਂ ਸਹੂਲਤ ਪੱਖ ਤੋਂ ਕੋਈ ਘਾਟ ਨਹੀਂ ਛੱਡੀ ਜਾਵੇਗੀ।

ਇਸ ਮੌਕੇ ਜਸਵੀਰ ਸਿੰਘ ਜੱਸਾ, ਮਨਦੀਪ ਸਿੰਘ ਮਿੰਟੂ ਗਿੱਲ, ਗੈਰੀ ਵੜਿੰਗ, ਰਾਜਾ ਵੜਿੰਗ, ਜਗਜੀਤ ਸਿੰਘ ਸੁਪਰਡੈਂਟ, ਮਾਸਟਰ ਪਰਮਿੰਦਰ ਸਿੰਘ ਤੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਸਹਿਬਾਨ ਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

LOCAL & LONG DISTANCE MOVING

H.K. MOVERS

VANCOUVER - CALGARY - EDMONTON - WINNIPEG - TORONTO - OTTAWA - MONTREAL

CANADA'S MOVING COMPANY




WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS

Best Business of 2023 ThreeBest Rated Excellence

Call: 416.524.6704
www.hkmovers.ca

2023 ThreeBest Rated Certificate of Excellence THREE BEST RATED

SAFE, RELIABLE AND EFFICIENT SERVICE AT THE BEST RATES

# ਕੈਲੀਫੋਰਨੀਆ-ਨੇਵਾਦਾ ਬਾਰਡਰ ਨੇੜੇ ਹੈਲੀਕਾਪਟਰ ਤਬਾਹ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਕੈਲੀਫੋਰਨੀਆ-ਨੇਵਾਦਾ ਬਾਰਡਰ ਨੇੜੇ ਮੋਜਵ ਜੰਗਲੀ ਖੇਤਰ ਵਿਚ ਇਕ ਹੈਲੀਕਾਪਟਰ ਤਬਾਹ ਹੋ ਜਾਣ ਦੀ ਖਬਰ ਹੈ ਜਿਸ ਵਿਚ ਸਵਾਰ ਪਾਇਲਟ ਸਮੇਤ ਸਾਰੇ 6 ਵਿਅਕਤੀਆਂ ਦੇ ਮਾਰੇ ਜਾਣ ਦਾ ਖਦਸ਼ਾ ਹੈ। ਹੈਲੀਕਾਪਟਰ ਨੇ ਪਾਲਮ ਸਪਰਿੰਗਜ ਏਅਰਪੋਰਟ ਤੋਂ ਸ਼ਾਮ 8.45 ਵਜੇ ਬੋਲਡਰ ਸਿਟੀ ,ਨੇਵਾਦਾ ਲਈ ਉਡਾਨ ਭਰੀ ਸੀ ਪਰੰਤੂ ਉਡਾਨ ਦੌਰਾਨ ਹੀ ਪੇਸ਼ ਆਏ ਹਾਦਸੇ ਉਪਰੰਤ ਹੈਲੀਕਾਪਟਰ ਜੰਗਲੀ ਖੇਤਰ ਵਿਚ ਜਾ ਡਿੱਗਾ। ਫੈਡਰਲ ਐਵੀਏਸ਼ਨ ਐਡਮਨਿਸਟ੍ਰੇਸ਼ਨ ( ਐਫ ਏ ਏ) ਨੇ ਜਾਰੀ ਬਿਆਨ ਵਿਚ ਇਹ ਜਾਣਕਾਰੀ ਦਿੱਤੀ ਹੈ। ਸੈਨ ਬਰਨਾਰਡੀਨੋ ਕਾਊਂਟੀ ਸ਼ੈਰਿਫ ਵਿਭਾਗ ਅਨੁਸਾਰ ਹੈਲੀਕਾਪਟਰ ਵਿਚ ਸਵਾਰ ਕੋਈ ਵੀ ਵਿਅਕਤੀ ਬਚ ਨਹੀਂ ਸਕਿਆ ਹੈ। ਸ਼ੈਰਿਫ ਵਿਭਾਗ ਨੇ ਸਪਸ਼ਟ ਕੀਤਾ ਹੈ ਕਿ ਹੈਲੀਕਾਪਟਰ ਵਿਚ ਕਿੰਨੇ ਵਿਅਕਤੀ ਸਵਾਰ ਸਨ, ਇਸ ਬਾਰੇ ਉਨਾਂ ਨੂੰ ਕੋਈ ਜਾਣਕਾਰੀ ਨਹੀਂ ਹੈ। ਐਫ ਏ ਏ ਅਨੁਸਾਰ ਹੈਲੀਕਾਪਟਰ ਨਿਪਟਨ, ਕੈਲੀਫੋਰਨੀਆ ਨੇੜੇ ਰਾਤ 10 ਵਜੇ ਦੇ ਆਸਪਾਸ ਤਬਾਹ ਹੋਇਆ ਹੈ। ਇਸ ਹਾਦਸੇ ਦੀ ਜਾਂਚ ਫੈਡਰਲ ਐਵੀਏਸ਼ਨ ਐਡਮਨਿਸਟ੍ਰੇਸ਼ਨ ਤੇ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਵੱਲੋਂ ਕੀਤੀ ਜਾਵੇਗੀ।

# ਸੰਘਰਸ਼ ਦੇ ਰਾਹ ਤੁਰੇ ਕਿਸਾਨਾਂ ਨੂੰ ਜਬਰੀ ਰੋਕਣ ਦੀ ਥਾਂ ਸਰਕਾਰ ਉਨ੍ਹਾਂ ਦੇ ਮਸਲੇ ਹੱਲ ਕਰੇ : ਐਡਵੋਕੇਟ ਧਾਮੀ

ਅੰਮ੍ਰਿਤਸਰ, 13 ਫ਼ਰਵਰੀ (ਗਿਆਨ ਸਿੰਘ): ਆਪਣੀਆਂ ਮੰਗਾਂ ਲਈ ਸੰਘਰਸ਼ ਦੇ ਰਾਹ ਤੁਰੇ ਹੋਏ ਕਿਸਾਨਾਂ ’ਤੇ ਹਰਿਆਣਾ ਸਰਕਾਰ ਵੱਲੋਂ ਵੱਡੀ ਗਿਣਤੀ ਵਿੱਚ ਅੱਥਰੂ ਗੈਸ ਦੇ ਗੋਲੇ ਸੁੱਟਣੇ ਅਤੇ ਪੁਲਿਸ ਬਲ ਦੀ ਵਰਤੋਂ ਕਰਕੇ ਉਨ੍ਹਾਂ ਨੂੰ ਦਬਾਉਣਾ ਲੋਕਤੰਤਰੀ ਢਾਂਚੇ ਦੇ ਵਿਰੁੱਧ ਹੈ, ਜਿਸ ਪ੍ਰਤੀ ਕੇਂਦਰ ਸਰਕਾਰ ਨੂੰ ਸੰਜੀਦਗੀ ਨਾਲ ਸੋਚਣਾ ਚਾਹੀਦਾ ਹੈ।

ਇਹ ਪ੍ਰਗਟਾਵਾ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਕਿਸਾਨੀ ਦੇਸ਼ ਦੀ ਰੀੜ ਦੀ ਹੱਡੀ ਹੈ ਜਿਸ ਦੀਆਂ ਮੰਗਾਂ ਨੂੰ ਨਜ਼ਰਅੰਦਾਜ ਨਹੀਂ ਕੀਤਾ ਜਾਣਾ ਚਾਹੀਦਾ। ਉਨ੍ਹਾਂ ਕਿਸਾਨਾਂ ਨੂੰ ਰੋਕਣ ਲਈ ਪੁਲਿਸ ਸ਼ਕਤੀ ਦੀ ਵਰਤੋਂ ਦੀ ਨਿੰਦਾ ਕਰਦਿਆਂ ਕਿਹਾ ਕਿ ਲੋਕਤੰਤਰ ਅੰਦਰ ਹੱਕੀ ਮੰਗਾਂ ਲਈ ਸ਼ਾਂਤਮਈ ਪ੍ਰਦਰਸ਼ਨ ਕਰਨਾ ਸਭ ਦਾ ਹੱਕ ਹੈ, ਇਸ ਲਈ ਸਰਕਾਰਾਂ ਨੂੰ ਕਿਸਾਨਾਂ ਦੇ ਮਸਲਿਆਂ ਦਾ ਤੁਰੰਤ ਹੱਲ ਕਰਨਾ ਚਾਹੀਦਾ ਹੈ ਨਾ ਕਿ ਉਨ੍ਹਾਂ ਉੱਤੇ ਤਸ਼ੱਦਦ ਕਰਕੇ ਮਾਮਲਾ ਹੋਰ ਉਲਝਾਇਆ ਜਾਵੇ।

ਉਨ੍ਹਾਂ ਆਖਿਆ ਕਿ ਲੰਬੇ ਅਰਸੇ ਤੋਂ ਦੇਸ਼ ਦੇ ਕਿਸਾਨ ਆਪਣੇ ਮਾਮਲਿਆਂ ਨੂੰ ਲੈ ਕੇ ਸੰਘਰਸ਼ ਦੇ ਰਾਹ ’ਤੇ ਹਨ ਪਰੰਤੂ ਸਰਕਾਰਾਂ ਵੱਲੋਂ ਉਦਾਸੀਨਤਾ ਦਿਖਾਈ ਜਾ ਰਹੀ ਹੈ। ਭਾਰਤ ਦੇ ਕਿਸਾਨਾਂ ਨੂੰ ਇਕੱਲੇ ਦੇਸ਼ ਹੀ ਨਹੀਂ ਸਗੋਂ ਪੂਰੀ ਦੁਨੀਆ ਦੇ ਅੰਨਦਾਤੇ ਵਜੋਂ ਜਾਣਿਆ ਜਾਂਦਾ ਹੈ ਅਤੇ ਜੇਕਰ ਅੱਜ ਇਹ ਕਿਸਾਨ ਸੰਘਰਸ਼ ਦੇ ਰਾਹ ’ਤੇ ਹਨ ਤਾਂ ਸਰਕਾਰਾਂ ਲਈ ਸੋਚਣ ਦਾ ਵੇਲਾ ਹੈ।

URGENTLY NEED NEW LISTINGS IN BRAMPTON/CALEDON
visit: www.teamjagaujla.com
JAG AUJLA
MCNE, REAL ESTATE BROKER
416-371-7777
e-mail: j.aujla@rogers.com or visit: www.jagaujla.com
CALL JAG AUJLA FOR A QUICK & FREE HOME EVALUATION
www.BramptonTopRealtor.com
RECENTLY LISTED IN YOUR NEIGHBOURHOOD
Sandalwood & Sunny Meadow Blvd
ਬਹੁਤ ਹੀ ਵਧੀਆ ਲੋਕੇਸ਼ਨ ਉਤੇ ਗ੍ਰੀਨਰੀ ਫੇਸਿੰਗ ਬਹੁਤ ਹੀ ਵਧੀਆ ਤਰੀਕੇ ਨਾਲ ਮੇਨਟੇਨ ਕੀਤਾ ਹੋਇਆ ਲਗਭਗ 1305 ਸਕੇਅਰ ਫੁੱਟ (ਐਮਪੈਕ ਅਨੁਸਾਰ) ਦਾ ਕੋਂਡੋ ਸਟੈਕਡ ਟਾਊਨ ਹਾਊਸ, ਸਾਰੇ ਘਰ ਨੂੰ ਨਵਾਂ ਰੰਗ ਕੀਤਾ ਹੋਇਆ, ਸਾਲ 2016-17 ਵਿਚ ਬਣਿਆ ਹੋਇਆ 2 ਬੈਡਰੂਮ + 3 ਵਾਸ਼ਰੂਮ + ਓਪਨ ਟੈਰੇਸਡ ਬਾਲਕਨੀ + 1 ਕਾਰ ਗਰਾਜ ਦੇ ਨਾਲ, ਓਪਨ ਕਾਂਸੈਪਟ ਲਿਵਿੰਗ ਲੈਮੀਨੇਟਡ ਫਲੋਰ ਦੇ ਨਾਲ ਲੈਸ ਡਾਇੰਨਿੰਗ ਏਰੀਆ, ਸਟੇਨਲੈਸ ਸਟੀਲ ਨਾਲ ਬਣੀਆਂ ਕਿਚਨ ਕੈਬਿਨੇਟਸ, ਮਾਸਟਰ ਬੈਡਰੂਮ 4 ਪੀਸੀ ਐਨਸੂਟ ਦੇ ਨਾਲ ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਅਤੇ ਹੋਰ ਵੀ ਬਹੁਤ ਕੁੱਝ।
James Potter/Queen/Bonnie Brae
ਬਹੁਤ ਹੀ ਸੋਹਣਾ 3000-3500 ਸਕੇਅਰ ਫੁੱਟ ਦਾ ਡਿਟੈਚਡ ਘਰ, 5+2 ਬੈਡਰੂਮ + ਦਫਤਰ + 5 ਵਾਸ਼ਰੂਮ, ਫਿਨਿਸ਼ਡ ਬੇਸਮੈਂਟ, 2 ਅਲੱਗ ਐਂਟਰੈਂਸ, 9 ਫੁੱਟ ਦੀ ਸੀਲਿੰਗ, ਡਬਲ ਡੋਰ ਐਂਟਰੀ, 5 ਪੀਸੀ ਐਨਸੂਟ ਦੇ ਨਾਲ ਮਾਸਟਰ ਬੈਡਰੂਮ, ਮੇਨ ਫਲੋਰ ਉਤੇ ਲੱਕੜ ਦਾ ਕੰਮ ਕੀਤਾ ਹੋਇਆ, ਬੇਸਮੈਂਟ ਵਿਚ ਲੈਮੀਨੇਟ ਅਤੇ ਸੇਰਾਮਿਕਸ, ਗ੍ਰੇਨਾਈਟ ਕਊਂਟਰ ਟਾਪ ਅਤੇ ਸੈਂਟਰ ਆਈਲੈਂਡ ਦੇ ਨਾਲ ਕਿਚਨ, ਗ੍ਰੀਨਰੀ ਵੱਲ ਫੇਸ ਕਰਦਾ ਹੋਇਆ ਬ੍ਰੇਕਫਾਸਟ ਏਰੀਆ, ਮੇਨ ਫਲੋਰ ਉਤੇ ਲਾਊਂਡਰੀ, ਘਰ ਦੇ ਸਾਹਮਣੇ ਪਾਰਕ ਅਤੇ ਹੋਰ ਵੀ ਬਹੁਤ ਕੁੱਝ।
Caledon Ontario (Dir/Cross St:Mayfield/ Mclaughlin/Tweedhill)
ਬਹੁਤ ਹੀ ਵਧੀਆ ਪ੍ਰਾਈਮ ਲੋਕੇਸ਼ਨ ਉਤੇ ਕਿਰਾਏ ਲਈ ਖਾਲੀ 700-1100 ਸਕੁਏਅਰ ਫੁੱਟ ਦਾ ਸੋਹਣਾ ਜਿਹਾ ਘਰ, ਦੋ ਬੈਡਰੂਮਜ਼ ਦੇ ਨਾਲ ਲੀਗਲ ਬੇਸਮੈਂਟ ਅਪਾਰਟਮੈਂਟ (ਅਲੱਗ ਐਂਟਰੈਂਸ), ਕੰਕਰੀਟ ਦਾ ਡਰਾਇਵ ਵੇਅ, ਓਪਨ ਕਾਂ-ਸੈਪਟ ਦੇ ਨਾਲ ਲਿਵਿੰਗ ਰੂਮ ਨਾਲ ਅਟੈਚਡ ਕਿਚਨ, ਕਿਰਾਏਦਾਰ ਨੂੰ ਕਿਰਾਇਆ ਅਤੇ 30% ਯੂਟੀਲਿਟੀਜ਼ ਦੇਣਾ ਹੋਵੇਗਾਲੀਜ਼ ਘੱਟ ਤੋਂ ਘੱਟ 1 ਸਾਲ ਲਈ ਹੋਵੇਗੀ।
Bramalea/Father Tobin /Fernfor
ਬਹੁਤ ਹੀ ਸ਼ਾਨਦਾਰ 3065 ਸਕੇਅਰ ਫੁੱਟ ਦਾ 3 ਮੰਜਲਾ ਡਿਟੈਚਡ ਘਰ, 5+1 ਬੈਡਰੂਮ + 5 ਵਾ-ਸ਼ਰੂਮ ਅਤੇ 2 ਫੈਮਿਲੀ ਰੂਮ, 2 ਮਾਸਟਰ ਬੈਡਰੂਮ ਅਤੇ ਇਕ ਫਿਨਿਸ਼ਡ ਬੇਸਮੈਂਟ, ਡਬਲ ਡੋਰ ਐਂ-ਟਰੀ, ਓਕ ਸਟੇਅਰਕੇਸ, ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ ਵਿਚ ਹਾਰਡਵੁੱਡ ਲੱਗਾ ਹੋਇਆ, ਸੋਹਣਾ ਜਿਹਾ ਕਿਚਨ ਸੈਂਟਰ ਆਈਲੈਂਡ ਦੇ ਨਾਲ, ਮਾਸਟਰ ਬੈਡਰੂਮ ਵਿਚ 5 ਪੀਸੀ ਐਨ-ਸੂਟ, ਦੂਜੀ ਮੰਜਲ ’ਤੇ ਲਾਊਂਡਰੀ, ਗਰਾਜ ਤੋਂ ਘਰ ਦੀ ਐਂਟਰੀ, ਬੇਸਮੈਂਟ ਵਿਚ ਸ਼ਾਨਦਾਰ ਥੀਏਟਰ ਦੇ ਨਾਲ, ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਤੇ ਹੋਰ ਵੀ ਬਹੁਤ ਕੁੱਝ।
FREE
• Full MLS services
• Consistent marketing until your property is sold
• Competitive rates, exceptional service & award winning results
• Staging consultation
• Billboard, flyer
• Online Promotion
• Professional pictures & virtual tour
• Social media & radio advertisement
• Open house till sold
RE/MAX REALTY SPECIALISTS INC.
Ph:905-456-3232
JAG AUJLA 416-371-7777
NOT INTENDED TO SOLICIT BUYERS OR SELLERS CURRENTLY UNDER CONTRACT







Grand Upholstery Ltd
Sofa Company Originality in Every Piece
Special on Sale
• ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
• ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
• ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
• ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com







ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017